ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੨੩ ਮੱਘਰ ਸੰਨ ੨੦੨੫ Monday, 8 December

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com

## ਸੁਭਿ ਅਮਲਾ ਬਾਝਹੁ . . .

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ॥
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ ॥
(ਵਾਰ ੧:੩੩)



ਭਾਈ ਗੁਰਦਾਸ ਜੀ ਦਾ ਇਹ ਕਥਨ ਕਰੀਬਨ ਪੰਜ ਸਦੀਆਂ ਪਹਿਲੇ ਦਾ ਗੁਰੂ ਨਾਨਕ ਸਾਹਿਬ ਦਾ ਹਾਜੀਆਂ ਨੂੰ ਬ-ਵਕਤ ਮੱਕਾ ਸ਼ਰੀਫ ਜਾਂਦਿਆਂ ਉੱਤਰ ਹੈ । ਆਚਾਰੀਆ ਰਜਨੀਸ਼ ਅਨੁਸਾਰ ਗੁਰੂ ਸਾਹਿਬ ਦੇ ਨਿਰਮਲ ਪੰਥ 'ਵਿਚੇ ਗ੍ਰਿਹ ਸਦਾ ਰਹੈ ਉਦਾਸੀ' ਹੈ ਤਾਂ ਬਿਲਕੁਲ ਠੀਕ ਹੈ ਪਰ ਤੁਰਨਾ ਬਹੁਤ ਔਖਾ ਹੈ । ਪੁਰਾਣਾ ਖਿਆਲ ਗ੍ਰਿਹਸਤ ਜਾਂ ਸੰਨਿਆਸ ਸੌਖਾ ਸੀ।

ਗੁਰੂ ਨਾਨਕ ਸਾਹਿਬ ਦੀ ਗਾਇਨ ਕੀਤੀ ਬਾਣੀ ਉਨ੍ਹਾਂ ਪਾਸ ਮੌਜੂਦ ਸੀ ਜੋ ਕਿ ਗੁਰੂ ਅੰਗਦ ਸਾਹਿਬ ਪਾਸ ਆਈ। ਉਨ੍ਹਾਂ ਆਪਣੀ ਬਾਣੀ ਸ਼ਾਮਲ ਕਰ ਕੇ ਤੀਜੇ ਪਾਤਸ਼ਾਹ ਨੂੰ ਦਿੱਤੀ, ਇਸੇ ਤਰ੍ਹਾਂ ਪੰਚਮ ਪਾਤਸ਼ਾਹ ਕੋਲ ਆਈ ਜਿਨ੍ਹਾਂ ਨੇ ਮਨੁੱਖਤਾ 'ਤੇ ਮਿਹਰਬਾਨੀ ਕਰ ਕੇ 'ਪੋਥੀ ਸਾਹਿਬ ਅਸਥਾਪਨ ਕੀਤੀ। ਦਸਮ ਪਾਤਸ਼ਾਹ ਨੇ ਸ਼ਖ਼ਸੀ ਗੁਰੂ ਪ੍ਰਥਾ ਦਾ ਭੋਗ ਪਾ ਕੇ 'ਗੁਰਵਾਕ' (ਗੁਰ-ਸ਼ਬਦ) ਨੂੰ ਹੀ ਗੁਰੂ-ਪਦਵੀ ਦੇ ਕੇ ਖਾਲਸਾ ਪੰਥ ਨੂੰ ਹੁਕਮ ਕੀਤਾ ਕਿ ਪ੍ਰਭੂ ਨੂੰ ਪਾਉਣ ਲਈ ਇਸੇ ਦੀ ਖੋਜ ਕਰੋ । ਧਿਆਨ ਨਾਲ ਪਾਠ ਕਰਨ ਵਾਲੇ ਮਨੁੱਖ ਨੂੰ ਸਮਝ ਆ ਜਾਂਦੀ ਹੈ ਕਿ ਹਰ ਸ਼ਬਦ ਕਿਸੇ ਵਿਸ਼ੇ ਬਾਰੇ ਸਪਸ਼ਟ ਹੈ। ਕਿਸੇ ਵਿਅਕਤੀ ਦੇ ਸੁਆਲ ਜਾਂ ਸ਼ੰਕਾ ਦੂਰ ਕਰਨ ਲਈ ਹੀ ਇਹ ਉਚਾਰਨ (ਗਾਇਨ) ਹੋਇਆ ਹੈ।

ਤਦੋਂ ਹੱਥ ਲਿਖਤ ਬੀੜ ਹੀ ਕਿਤੇ-ਕਿਤੇ ਹੁੰਦੀ ਸੀ । ਆਮ ਲੋਕੀਂ ਬਾਣੀਆਂ ਦਾ ਉਤਾਰਾ ਕਰਕੇ ਪੋਥੀਆਂ/ਗੁਟਕਿਆਂ ਤੋਂ ਪੜ੍ਹ ਕੇ, ਸਮਝ ਕੇ ਸੰਗਤ ਵਿਚ ਸ਼ਾਮਲ ਹੋ ਜਾਂਦੇ ਸਨ ਧਰਮਸਾਲ ਜੋ ਕਿਤੇ-ਕਿਤੇ ਹੁੰਦੀ ਸੀ, ਵਿਚ ਸੰਗਤ ਜੁੜਦੀ ਸੀ ਜਿਥੇ ਕੀਰਤਨ, ਸ਼ਬਦ ਦੀ ਸਾਰ ਅਤੇ ਅਮਲ ਕਰਨ ਤੋਂ ਵਿਚਾਰਾਂ ਹੁੰਦੀਆਂ ਸਨ । ਹਿੰਦੂ, ਮੁਸਲਿਮ, ਸਿੱਖ 'ਚ ਤਫੱਰਕਾ ਨਹੀਂ ਸੀ । ਸਾਰੀ ਸੰਗਤ ਹੀ ਗੁਰਬਾਣੀ ਦੀ ਧਾਰਨੀ ਹੋਣ ਕਰਕੇ ਗੁਰਸਿੱਖ ਹੁੰਦੀ ਸੀ । ਬੀੜ ਨਾਯਾਬ ਸੀ ਇਸ ਲਈ ਸੰਪੂਰਨ ਪਾਠ, ਸਹਿਜ ਪਾਠ, ਸਪਤਾਹ, ਅਖੰਡ ਜਾਂ ਸੰਪਟ ਆਦਿ ਤਾਂ ਹੈ ਹੀ ਨਹੀਂ ਸਨ । ਖਾਲਸਾ ਜਦੋਂ ਘਰ-ਘਾਟ ਤਿਆਗ ਕੇ ਜ਼ਾਲਮਾਂ ਨਾਲ ਲੋਹਾ ਲੈਣ ਲਈ ਜੰਗਲਾਂ/ਬੀਆਬਾਨਾਂ ਵਿਚ ਚਲਾ ਗਿਆ ਤਦ ਧਰਮਸਾਲਾਂ ਦੀ ਦੇਖ-ਰੇਖ ਨਿਰਮਲੇ/ਉਦਾਸੀ ਕਰਦੇ ਰਹੇ । ਸੰਗਤ ਤੇ ਆਮਦਨ ਵਧਾਉਣ ਲਈ ਉਨ੍ਹਾਂ ਕਿਧਰੇ ਮੂਰਤੀਆਂ ਵੀ ਰੱਖ ਲਈਆਂ ਅਤੇ ਕਿਤੇ, ਜਿਥੇ ਬੀੜ ਮੌਜੂਦ ਸੀ, 'ਬਿਪਰਨ ਕੀ ਰੀਤ' ਵਾਲੇ ਪਾਠਾਂ ਵਾਂਗੂੰ ਪਾਠ ਕਰ ਕੇ ਕਮਾਈ ਦਾ ਸਾਧਨ ਵੀ ਬਣਾ ਲਿਆ ਅਤੇ ਪਾਠ ਕਰਾ ਲੈਣ ਦੀਆਂ ਰਸਮਾਂ ਗੁਰੂ ਸਾਹਿਬਾਨ ਦੇ ਨਾਵਾਂ ਨਾਲ ਵੀ ਜੋੜ ਦਿੱਤੀਆਂ ਗਈਆਂ, ਹਾਲਾਂ ਕਿ 'ਪੜ੍ਹਾ ਲੈਣ ਅਤੇ ਮਹਾਤਮ ਹਾਸਲ ਕਰ ਲੈਣ ਦਾ ਗੁਰਬਾਣੀ ਸਖ਼ਤ ਵਿਰੋਧ ਕਰਦੀ ਹੈ । ਜ਼ਾਲਮ ਹਕੂਮਤ ਨੂੰ ਬਿਲੇ ਲਗਾਉਣ (ਖਤਮ ਕਰਨ) ਮਗਰੋਂ ਖਾਲਸਾ ਰਾਜ-ਭਾਗ ਵੱਲ ਲੱਗ ਗਿਆ ਅਤੇ ਧਰਮਸਾਲਾ ਦੀ ਕਾਰਗੁਜ਼ਾਰੀ ਵੱਲ ਕੋਈ ਧਿਆਨ ਨਾ ਦਿੱਤਾ ਭਾਵੇਂ ਜਾਇਦਾਦਾਂ ਨਾਂ ਲਾ ਕੇ ਤਸੱਲੀ ਲੈ ਲਈ। ਮਾਇਆਵਾਦੀਆਂ ਨੇ ਇਹ ਰੀਤਾਂ ਗੁਰਮਤਿ ਮੁਤਾਬਿਕ ਦੱਸ ਕੇ ਪ੍ਰਚਲਤ ਕਰ ਲਈਆਂ । ਛਾਪੇਖਾਨੇ ਨੇ ਬੀੜਾਂ ਅਤੇ ਧਰਮਸਾਲਾ ਵਿਚ ਚੋਖਾ ਵਾਧਾ ਕੀਤਾ। ਇਹ ਕੁਝ ਮਹੰਤਾਂ/ਪੁਜਾਰੀਆਂ ਨੂੰ ਵੀ ਖੂਬ ਰਾਸ ਆਇਆ । ਸਿੱਖ ਸੰਗਤ ਨੇ ਸਮਝ ਲਿਆ ਕਿ ਚੰਦ ਟਕੇ ਖਰਚ ਕੇ ਜੇਕਰ ਗੁਰਬਾਣੀ ਦਾ ਮਹਾਤਮ ਪੁਜਾਰੀ/ਗ੍ਰੰਥੀ ਕੋਲੋਂ ਹਾਸਲ ਹੋ ਜਾਂਦਾ ਹੈ ਤਾਂ ਇਹ ਤਾਂ ਬਹੁਤ ਹੀ ਸਸਤਾ ਸੌਦਾ ਹੈ; ਆਪ ਪੜ੍ਹਨ ਦੀ ਲੋੜ ਹੀ ਨਹੀਂ । ਸੋ ਖਾਲਸਾ ਮੁੜ 'ਬਿਪ੍ਰਨ ਕੀ ਰੀਤ' ਵਿਚ ਹੀ ਫਸਦਾ ਚਲਾ ਗਿਆ।

'ਸਿੰਘ ਸਭਾ ਲਹਿਰ' ਨੇ ਜਨਤਕ ਪ੍ਰਚਾਰ ਕਰ ਕੇ ਕਾਫੀ ਰੀਤਾਂ ਮਗਰੋਂ ਲਾਹ ਕੇ ਗੁਰਮਤਿ ਦੀ ਤਸਵੀਰ ਲਿਸ਼ਕਾਈ-ਧਰਮਸਾਲ ਤੋਂ ਨਾਂ ਬਦਲ ਕੇ ਗੁਰਦੁਆਰਾ ਰੱਖਿਆ ਅਤੇ ਪੰਥ-ਪ੍ਰਵਾਨਿਤ 'ਸਿੱਖ ਰਹਿਤ ਮਰਯਾਦਾ' ਹੋਂਦ ਵਿਚ ਲਿਆਂਦੀ । ਪਰ ਕੁਝ ਕੁ ਰੀਤਾਂ ਜਿਨ੍ਹਾਂ ਦੀ ਜੜ੍ਹ ਡੂੰਘੀ ਹੋ ਚੁਕੀ ਹੈ, ਬਾਰੇ ਖੁੱਲ੍ਹ ਕੇ ਗੱਲ ਨਹੀਂ ਕੀਤੀ। ਚੰਗਾ ਹੋਇਆ, ਜੇ 'ਪੜ੍ਹਾ ਲੈਣ' ਦਾ ਜ਼ਿਕਰ ਨਹੀਂ ਹੋਇਆ । ਪੜ੍ਹਨ ਬਾਰੇ ਵੀ ਸਪੱਸ਼ਟ ਹੈ ਕਿ ਹਰ ਸਿੱਖ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਪਾਠ ਸਮਝ-ਬੂਝ ਨਾਲ ਕਰੇ। ਬਹੁਤ ਸਾਰੇ ਅਨਮਤੀਏ, ਗੁਰਬਾਣੀ ਪੜ੍ਹਨ ਨਾਲ ਹੀ ਪੂਰਨ ਗੁਰਸਿੱਖ ਹੋਏ ਜਿਨ੍ਹਾਂ ਪੰਥ ਦੀ ਬਹੁਤ ਸੇਵਾ ਕੀਤੀ ਅਤੇ ਹੁਣ ਪੰਥ ਵਿਚ ਫੇਰ ਜਾਗਰਤਾ ਆਈ ਹੈ ਕਿ 'ਪੜ੍ਹਾ ਲੈਣ' ਦਾ ਉਨਾ ਲਾਭ ਨਹੀਂ ਅਤੇ ਪੜ੍ਹੀ ਜਾਣ ਦੀ ਵੀ ਉਦੋਂ ਤੱਕ ਕੋਈ ਤੁਕ ਨਹੀਂ ਜਦ ਤਕ ਸਮਝ ਨਹੀਂ ਆਈ ਤੇ ਹੁਕਮ, ਅਮਲ ਵਿਚ ਨਹੀਂ ਲਿਆਂਦਾ :

ਙੰਙਾ ਙ੍ਹਿਆਨੁ ਨਹੀ ਮੁਖ ਬਾਤਉ ॥
ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ ॥
ਙਿਆਨੀ ਸੋਇ ਜਾ ਕੈ ਦ੍ਰਿੜ ਸੋਊ ॥
ਕਹਤ ਸੁਨਤ ਕਛੁ ਜੋਗੁ ਨ ਹੋਊ ॥(ਅੰਗ ੨੫੧)

ਆਪ ਪਾਠ ਕਰਨ ਵਾਲੇ ਗੁਰਸਿੱਖ ਵਡਭਾਗੀ ਹਨ ਪਰ ਜੋ ਲੋਕਾਂ ਲਈ ਕਰਦੇ ਹਨ, ਉਨ੍ਹਾਂ ਬਾਰੇ ਬੇਅੰਤ ਸ਼ਬਦ ਨਿਖੇਧੀ ਦੇ ਦਰਜ ਹਨ ਕਿ ਉਹ ਬੇਕਾਰ ਵਕਤ ਗੁਆ ਰਹੇ ਹਨ ਤੇ ਦੂਜਿਆਂ ਨੂੰ ਧੋਖਾ ਦੇ ਰਹੇ ਹਨ, ਜਿਵੇਂ :

ਰੋਟੀਆ ਕਾਰਣਿ ਪੂਰਹਿ ਤਾਲ ॥(ਅੰਗ ੪੬੫)

ਇਸ ਲੇਖ ਵਿਚ ਕੇਵਲ ਪੜ੍ਹਨ-ਪੜ੍ਹਾਉਣ ਦੀ ਹੀ ਵਿਚਾਰ ਹੈ । ਥੋੜ੍ਹਾ ਸੋਚਣ 'ਤੇ ਗੁਰੂ ਸਾਹਿਬਾਨ ਦੀ ਆਪਣੀ ਮੌਜੂਦਗੀ 'ਚ ਸੰਗਤ ਵਿਚ ਕੀ ਹੁੰਦਾ ਹੋਵੇਗਾ ? ਕੀ ਮੱਥਾ ਟੇਕ ਕੇ, ਭੇਟਾ ਚੜ੍ਹਾ ਕੇ ਸੰਗਤ ਵਿਚ ਕੀਰਤਨ/ਵਿਚਾਰ/ਗੁਰ-ਬਚਨ ਸੁਣ ਕੇ ਪ੍ਰਸ਼ਾਦ ਲੈ ਕੇ ਘਰੀਂ ਚਲੇ ਜਾਂਦੇ ਹੋਣਗੇ ? ਨਹੀਂ, ਗੁਰੂ ਸਾਹਿਬਾਨ ਪਾਸ ਆਪਣੀ ਦਸ਼ਾ ਬਿਆਨ ਕਰ ਕੇ ਗਿਆਨ ਮੰਗਦੇ ਹੋਣਗੇ। ਗੁਰੂ ਸਾਹਿਬ ਵੀ ਸਿੱਖਾਂ ਨੂੰ ਪੁੱਛਦੇ ਹੋਣਗੇ ਕਿ ਕਿਰਤ ਕਰਨ, ਵੰਡ ਛਕਣ, ਨਾਮ ਜਪਣ ਤੇ ਸ਼ੁਭ ਅਮਲ ਕਰਨ ਵੱਲ ਕੀ ਔਕੜ ਆ ਰਹੀ ਹੈ ? ਤਦ ਹੀ ਤਾਂ ਇਤਨੀ ਸਾਰੀ ਗੁਰਬਾਣੀ ਹੋਂਦ ਵਿਚ ਆਈ ! ਵਰਨਾ :

ਕਹੁ ਕਬੀਰ ਅਖਰ ਦੁਇ ਭਾਖਿ ॥ ਹੋਇਗਾ ਖਸਮੁ ਤ ਲੇਇਗਾ ਰਾਖਿ ॥
(ਅੰਗ ੩੨੯)

ਦਾਸ ਹਾਜੀਆਂ ਥਾਵੇਂ ਖੜ੍ਹਾ ਹੋ ਕੇ ਗੁਰੂ ਨਾਨਕ ਨਾਮ-ਲੇਵਾ ਤੋਂ ਪੁੱਛਣ ਦਾ ਜਿਗਰਾ ਕਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਫਰੋਲ ਕੇ ਦੱਸੋ ਕਿ ਕੀ ਕੇਵਲ ਰਸਮਾਂ ਪੂਰੀਆਂ ਕਰਨ ਨਾਲ ਹੀ ਜੋਤੀ-ਜੋਤਿ ਰਲ ਜਾਵਾਂਗੇ ਜਾਂ :

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥ (ਅੰਗ ੪੭੪)

**-ਇੰਦਰ ਸਿੰਘ ਨੀਲਾ**

---

# ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਕੁਰਾਨ ਸ਼ਰੀ.ਫ ਦੀ ਕੀਮਤ ਅਦਾ ਕੀਤੀ

**ਉਸ ਗੱਡੇ ਵਾਲੇ ਨੇ ਜੁਆਬ ਦਿੱਤਾ ਕਿ ਮਹਾਰਾਜ ਮੈਂ ਕਈ ਸਾਲਾਂ ਦੀ ਮਿਹਨਤ ਨਾਲ ਇਹ ਸੁਨਹਿਰੀ ਕੁਰਾਨ ਸ਼ਰੀ.ਫ ਤਿਆਰ ਕੀਤਾ ਹੈ। ਇਹ ਏਨਾਂ ਕੀਮਤੀ ਹੈ ਕਿ ਇਥੇ ਇਸ ਦੀ ਕੀਮਤ ਪਾਉਣ ਵਾਲਾ ਕੋਈ ਨਹੀਂ ਹੈ। ਮੈਂ ਇਸ ਨੂੰ ਕਈ ਮੁਸਲਮਾਨ ਹਾਕਮਾਂ, ਨਵਾਬਾਂ, ਨਿਜ਼ਾਮਾਂ ਨੂੰ ਦਿਖਾ ਚੁੱਕਾ ਹਾਂ ਪਰ ਕੋਈ ਵੀ ਇਸਦੀ ਅਸਲ ਕੀਮਤ ਦੇਣ ਨੂੰ ਤਿਆਰ ਨਹੀਂ ਹੈ। ਇਸ ਲਈ ਇਸਨੂੰ ਹੈਦਰਾਬਾਦ ਲੈ ਕੇ ਜਾ ਰਿਹਾ ਹਾਂ, ਸ਼ਾਇਦ ਉਥੋਂ ਦੇ ਨਵਾਬ ਇਸਦੀ ਕੀਮਤ ਦੇ ਸਕਣ।**



ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਗੱਲ ਹੈ। ਇੱਕ ਮੁਸਲਿਮ ਵਿਅਕਤੀ ਇੱਕ ਗੱਡੇ ਨਾਲ ਲਾਹੌਰ ਸ਼ਹਿਰ ਦੇ ਬਾਹਰ ਜਾ ਰਿਹਾ ਸੀ। ਉਸਨੇ ਉਸ ਗੱਡੇ ਉਪਰ ਕੁਝ ਰੱਖਿਆ ਹੋਇਆ ਸੀ ਅਤੇ ਉਪਰ ਚਿੱਟਾ ਕੱਪੜਾ ਪਾਇਆ ਹੋਇਆ ਸੀ।

ਜਦੋਂ ਉਹ ਤੁਰਿਆ ਜਾ ਰਿਹਾ ਸੀ ਤਾਂ ਅਗਲੇ ਪਾਸੇ ਤੋਂ ਉਸਨੂੰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਆਉਂਦੇ ਹੋਏ ਮਿਲ ਗਏ।

ਮਹਾਰਾਜਾ ਰਣਜੀਤ ਸਿੰਘ ਨੇ ਉਸ ਗੱਡੇ ਵਾਲੇ ਨੂੰ ਪੁੱਛਿਆ, 'ਭਈ ਤੂੰ ਇਹ ਗੱਡੇ ਉਪਰ ਕੀ ਰੱਖਿਆ ਹੈ ਅਤੇ ਕਿਧਰ ਜਾ ਰਿਹਾ ਹੈਂ.. ?

ਉਸ ਗੱਡੇ ਵਾਲੇ ਨੇ ਜੁਆਬ ਦਿੱਤਾ ਕਿ ਮਹਾਰਾਜ ਮੈਂ ਕਈ ਸਾਲਾਂ ਦੀ ਮਿਹਨਤ ਨਾਲ ਇਹ ਸੁਨਹਿਰੀ ਕੁਰਾਨ ਸ਼ਰੀ.ਫ ਤਿਆਰ ਕੀਤਾ ਹੈ। ਇਹ ਏਨਾਂ ਕੀਮਤੀ ਹੈ ਕਿ ਇਥੇ ਇਸ ਦੀ ਕੀਮਤ ਪਾਉਣ ਵਾਲਾ ਕੋਈ ਨਹੀਂ ਹੈ। ਮੈਂ ਇਸ ਨੂੰ ਕਈ ਮੁਸਲਮਾਨ ਹਾਕਮਾਂ, ਨਵਾਬਾਂ, ਨਿਜ਼ਾਮਾਂ ਨੂੰ ਦਿਖਾ ਚੁੱਕਾ ਹਾਂ ਪਰ ਕੋਈ ਵੀ ਇਸਦੀ ਅਸਲ ਕੀਮਤ ਦੇਣ ਨੂੰ ਤਿਆਰ ਨਹੀਂ ਹੈ। ਇਸ ਲਈ ਇਸਨੂੰ ਹੈਦਰਾਬਾਦ ਲੈ ਕੇ ਜਾ ਰਿਹਾ ਹਾਂ, ਸ਼ਾਇਦ ਉਥੋਂ ਦੇ ਨਵਾਬ ਇਸਦੀ ਕੀਮਤ ਦੇ ਸਕਣ।

ਮਹਾਰਾਜਾ ਰਣਜੀਤ ਸਿੰਘ ਨੇ ਹੁਕਮ ਦਿੱਤਾ ਕਿ ਗੱਡਾ ਮੋੜ ਕੇ ਵਾਪਸ ਲੈ ਆ। ਇਸ ਪਵਿੱਤਰ ਕੁਰਾਨ ਸ਼ਰੀ.ਫ ਦੀ ਜਿੰਨੀ ਵੀ ਤੂੰ ਕੀਮਤ ਲਗਾਵੇਂਗਾ ਉਸ ਤੋਂ ਵੱਧ ਅਸੀਂ ਤੈਨੂੰ ਦੇਵਾਂਗੇ। ਉਹ ਗੱਡੇ ਵਾਲਾ ਸ਼ਾਹੀ ਕਿਲੇ ਵੱਲ ਨੂੰ ਮੁੜ ਪਿਆ ਅਤੇ ਦਰਬਾਰ ਵਿੱਚ ਜਾ ਕੇ ਗੱਡੇ ਵਾਲੇ ਨੇ ਜਿੰਨੀ ਕੀਮਤ ਕਹੀ, ਮਹਾਰਾਜੇ ਨੇ ਸਤਿਕਾਰ ਵਜੋਂ ਉਸ ਤੋਂ ਵੱਧ ਕੀਮਤ ਦੇ ਕੇ ਉਸ ਕੁਰਾਨ ਸ਼ਰੀ.ਫ ਨੂੰ ਆਪ ਬੜੇ ਸਤਿਕਾਰ ਨਾਲ ਖਰੀਦ ਲਿਆ।

ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਉਹ ਖਰੜਾ ਖਰੀਦ ਲਿਆ ਤਾਂ ਉਨ੍ਹਾਂ ਨੇ ਫਕੀਰ ਅਜ਼ੀਜ਼ਉੱਦੀਨ ਨੂੰ ਉਸ ਖਰੜੇ ਵਿਚੋਂ ਕੋਈ ਹਿੱਸਾ ਪੜ੍ਹ ਕੇ ਸੁਨਾਉਣ ਲਈ ਕਿਹਾ। ਫਕੀਰ ਅਜ਼ੀਜ਼ਉੱਦੀਨ ਨੇ ਕੁਰਾਨ ਵਿਚੋਂ ਕੁਝ ਅੰਸ਼ ਪੜ੍ਹ ਕੇ (ਅਨੁਵਾਦ ਕਰਕੇ) ਸੁਣਾਏ ਤਾਂ ਮਹਾਰਾਜਾ ਸਾਹਿਬ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਅਜਿਹੇ ਵਿਚਾਰ ਹੀ ਪੇਸ਼ ਕੀਤੇ ਗਏ ਹਨ, ਫਿਰ ਫਰਕ ਕੀ ਹੈ ?

ਫਕੀਰ ਅਜ਼ੀਜ਼ਉੱਦੀਨ ਨੇ ਜੁਆਬ ਦਿੱਤਾ ਕਿ ਮਹਾਰਾਜ ਉਦੇਸ਼ ਇੱਕੋ ਹੀ ਹੈ ਸਿਰਫ ਰਾਹ ਵੱਖਰੇ-ਵੱਖਰੇ ਹਨ।

ਇਹ ਸੁਣ ਕੇ ਮਹਾਰਾਜਾ ਰਣਜੀਤ ਸਿੰਘ ਬਹੁਤ ਪ੍ਰਸੰਨ ਹੋਏ ਅਤੇ ਉਹ ਕੁਰਾਨ ਦਾ ਖਰੜਾ ਇਨਾਮ ਵਜੋਂ ਫਕੀਰ ਅਜ਼ੀਜ਼ਉੱਦੀਨ ਨੂੰ ਦੇ ਦਿੱਤਾ।

ਫਕੀਰ ਅਜ਼ੀਜ਼ਉੱਦੀਨ ਨੇ ਮਹਾਰਾਜੇ ਦੀ ਦਰਿਆ ਦਿਲੀ ਦੀ ਪ੍ਰਸ਼ੰਸਾ ਕੀਤੀ ਤਾਂ ਮਹਾਰਾਜੇ ਨੇ ਕਿਹਾ ਕਿ "ਪ੍ਰਮਾਤਮਾ ਦੀ ਰਜ਼ਾ ਸੀ ਕਿ ਮੈਂ ਸਭ ਨੂੰ ਇਕੋ ਅੱਖ ਨਾਲ ਵੇਖਾਂ, ਇਹੋ ਕਾਰਨ ਹੈ ਕਿ ਉਸ ਨੇ ਮੇਰੀ ਦੂਸਰੀ ਅੱਖ ਦੀ ਰੌਸ਼ਨੀ ਖੋਹ ਲਈ ।

ਮਹਾਰਾਜਾ ਰਣਜੀਤ ਸਿੰਘ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰਦੇ ਸਨ ਅਤੇ ਉਨ੍ਹਾਂ ਦੇ ਰਾਜ ਵਿੱਚ ਸਾਰੇ ਹੀ ਧਰਮਾਂ ਦੇ ਲੋਕ ਪੂਰੀ ਧਾਰਮਿਕ ਅਜ਼ਾਦੀ ਨਾਲ ਮਿਲ-ਜੁਲ ਕੇ ਰਹਿੰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਦੇ ਅਜਿਹੇ ਕਈ ਵਾਕਿਆ ਹੋਰ ਵੀ ਹਨ।

**- ਇੰਦਰਜੀਤ ਸਿੰਘ ਹਰਪੁਰਾ, ਬਟਾਲਾ**

# ਦੇਗੋ ਤੇਗੋ ਫ਼ਤਹਿ

ਇਕ ਗੁਰਮੁਖ ਪਿਆਰਾ ਕਹਿੰਦਾ, ਅਕਾਲੀ ਜੀ ! ਕਈ ਵਾਰੀ ਕੁਝ ਲੋਕਾਂ ਨਾਲ ਵਿਚਾਰ-ਚਰਚਾ ਹੋਈ ਐ ਤੇ ਇਉਂ ਜਾਪਦੈ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ-ਇਤਿਹਾਸ ਸਬੰਧੀ ਸਪਸ਼ਟਤਾ ਨਹੀਂ ਐਂ ।ਤੁਸੀਂ ਕੀ ਸਮਝਦੇ ਓ ?

ਮੈਂ ਕਿਹਾ, ਪਿਆਰਿਆ, ਕੁਝ ਸਿੱਖ ਮਹਾਨ ਯੋਧਿਆਂ ਦੇ ਦਿਨ ਕੌਮ ਨੇ ਉਚੇਚੀ ਪੱਧਰ 'ਤੇ ਮਨਾਉਣੇ ਈ ਨਹੀਂ ਸ਼ੁਰੂ ਕੀਤੇ, ਜਿਸ ਕਰਕੇ ਸਹੀ ਪ੍ਰਚਾਰ ਤੋਂ ਸੰਗਤਾਂ ਵਿਰਵੀਆਂ ਰਹਿ ਜਾਂਦੀਆਂ ਐਂ ।ਐਸੇ ਸਿੰਘਾਂ ਤੇ ਸਿੰਘਣੀਆਂ ਦੀ ਮਹਾਨ ਕੁਰਬਾਨੀ ਐਂ, ਪਰ ਸਿੱਖ ਸਮਾਜ ਬੇਖ਼ਬਰ ਐ।

ਜੋ ਤੁਸੀਂ ਬਾਬਾ ਬੰਦਾ ਸਿੰਘ ਬਹਾਦਰ ਦੀ ਬਾਬਤ ਗੱਲ ਕੀਤੀ ਏ, ਇਹ ਬਦਕਿਸਮਤੀ ਕਹੋ ਕਿ ਸਿੱਖ ਰਾਜ ਦੇ ਉਸਰੱਈਏ, ਮਹਾਨ ਜਰਨੈਲ, ਸਿਦਕੀ ਸਿੱਖ ਬਾਬਾ ਬੰਦਾ ਸਿੰਘ ਜੀ ਦੇ ਜੀਵਨ-ਇਤਿਹਾਸ ਸਬੰਧੀ ਆਪਣਿਆਂ ਵੱਲੋਂ ਹੀ ਪਾਏ ਭਰਮ-ਭੁਲੇਖਿਆਂ ਨੇ ਉਸ ਮਹਾਨ ਯੋਧੇ ਦੀ ਮਹਾਨ ਕੁਰਬਾਨੀ 'ਤੇ ਪ੍ਰਸ਼ਨ-ਚਿੰਨ੍ਹ ਲਾ ਦਿੱਤੇ ਜੋ ਬਹੁਤ ਵੱਡੀ ਬੇਇਨਸਾਫ਼ੀ ਹੋਈ ਐ.....।

ਬਾਬਾ ਬੰਦਾ ਸਿੰਘ ਬਹਾਦਰ ਖ਼ਾਲਸਾ ਰਾਜ ਦਾ ਬਾਨੀ, ਉਸ ਸਮੇਂ ਦਿਆਂ ਜ਼ੁਲਮੀ ਵਹਿਣਾਂ ਦੇ ਮੁਹਾਣ ਮੋੜਨ ਵਾਲਾ ਜਰਨੈਲ, ਸਿੱਖ ਕੌਮ ਦਾ ਮਾਣ-ਮੱਤਾ ਯੋਧਾ ਐ।

ਕਮਾਲ ਐ ਉਸ ਦਾ ਜੀਵਨ-ਬ੍ਰਿਤਾਂਤ ਤੇ ਅਜਬ ਨੇ ਉਸ ਦੀਆਂ ਜੀਵਨ-ਕਰਵਟਾਂ ! ਕਦੀ ਤਾਂ ਬਾਲ ਲਛਮਣ ਦਾਸ ਨੇ ਇਕ ਹਿਰਨੀ ਦਾ ਸ਼ਿਕਾਰ ਖੇਡਦਿਆਂ, ਉਹਦੇ ਤੜਫਦੇ ਬੱਚਿਆਂ ਨੂੰ ਦੇਖ ਕੇ ਬੈਰਾਗ ਧਾਰਨ ਕਰ ਲਿਆ..... ਉਨ੍ਹਾਂ ਬੇਜ਼ੁਬਾਨ ਬੱਚਿਆਂ ਦੀ ਮੌਤ 'ਤੇ ਅੱਥਰੂ ਕੇਰ ਕੇ ਰੋਇਆ.....ਆਪਣੀ ਕਰਨੀ ਉੱਤੇ ਪਸ਼ਚਾਤਾਪ ਵੀ ਕੀਤਾ ਤੇ ਨਿਹੋਰਾ ਮਾਰਿਆ ਕਿ ਭਲਿਆ, ਤੂੰ ਮਰਦ ਐਂ ਤੇ ਮਰਦ ਹੋ ਕੇ ਪਰਉਪਕਾਰ ਤਾਂ ਕੀ ਕਰਨਾ ਸੀ, ਤੂੰ ਤਾਂ ਬੇਜ਼ੁਬਾਨਿਆਂ ਦਾ ਕਾਤਲ ਬਣ ਗਿਆ। ਇਹ ਸੂਖਮ ਅਹਿਸਾਸ ਸੀ ਬੱਚਿਆਂ ਦੀ ਮੌਤ, ਮਾਂ ਦੀ ਮਮਤਾ ਤੇ ਤੀਰ ਕਮਾਨ ਨਾਲ ਕੀਤੇ ਜ਼ੁਲਮ ਦਾ..... ਉਹ ਤਿਆਗੀ ਜਾਂ ਬੈਰਾਗੀ ਕੋਈ ਐਵੇਂ ਈ ਨਹੀਂ ਬਣ ਗਿਆ, ਇਹ ਤਾਂ ਉਸ ਦੇ ਮਨ ਦੀ ਉੱਚੀ ਅਵਸਥਾ ਦਾ ਪ੍ਰਤੀਕਰਮ ਸੀ। ਸੰਸਾਰ ਦੇ ਇਕ ਸਵਾਲ ਦਾ ਜਵਾਬ ਵੀ ਸੀ ਕਿ ਹਰੇਕ ਸ਼ਿਕਾਰੀ ਪੱਥਰ-ਦਿਲ ਤੇ ਜ਼ਾਲਮ ਨਹੀਂ ਹੁੰਦਾ, ਉਹਦੀ ਸੋਚਣੀ 'ਚ ਕਦੇ ਨਾ ਕਦੇ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਜਨਮ ਲੈ ਸਕਦੀਆਂ ਨੇ, ਜੇਕਰ ਉਹਦਾ ਚਿੰਤਨ ਲਛਮਣ ਦਾਸ ਵਰਗਾ ਹੋ ਜਾਏ।

ਦੂਜੇ ਪਾਸੇ ਉਹੀ ਲਛਮਣ ਦਾਸ ਬੈਰਾਗ ਵਿਚ ਆ ਕੇ ਤਾਂ ਮਾਧੋ ਦਾਸ ਬੈਰਾਗੀ ਬਣਿਆ, ਪਰ ਇਕ ਸਮਾਂ ਉਹ ਵੀ ਆਇਆ ਜਦੋਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਉਪਰੰਤ ਤੇ ਉਨ੍ਹਾਂ ਦੇ ਮੁਖਾਰਬਿੰਦ ਤੋਂ ਉਚਰੇ ਪਾਵਨ ਬੋਲਾਂ ਨੂੰ ਸ੍ਰਵਣ ਕਰ ਕੇ ਕੇਵਲ ਤੇ ਕੇਵਲ ਉਨ੍ਹਾਂ ਦਾ ਹੀ ਬੰਦਾ ਬਣ ਗਿਆ। ਭਾਵੇਂ ਕਈ ਇਤਿਹਾਸਕਾਰਾਂ ਨੇ ਇਸ ਬੈਰਾਗੀ ਨੂੰ ਰਿਧੀਆਂ-ਸਿਧੀਆਂ ਵਾਲਾ ਤੇ ਦੂਜਿਆਂ ਦੀ ਹੱਤਕ ਕਰਨ ਵਾਲਾ ਸਾਬਤ ਕਰਨ ਲਈ ਕਲਮਾਂ ਵਾਹੀਆਂ ਪਰ ਗਹਿਰ-ਗੰਭੀਰ ਚਿੰਤਕ ਇਸ ਯੋਧੇ ਦੇ ਜੀਵਨ ਤੋਂ ਪ੍ਰਭਾਵਤ ਦਾਨਿਸ਼ਵਰਾਂ ਨੇ ਇਹ ਤੱਥ ਕਦੇ ਪ੍ਰਵਾਨ ਨਹੀਂ ਕੀਤੇ।

ਇਸ ਬੈਰਾਗੀ ਦੇ ਜੀਵਨ ਦਾ ਅਸਲ ਤੱਤਸਾਰ ਇਹ ਐ ਕਿ ਸੱਚੇ ਗੁਰੂ ਦਾ ਬੰਦਾ ਬਣ ਜਾਣਾ ਹੀ ਜੀਵਨ ਦੀ ਪ੍ਰਾਪਤੀ ਐ। ਇਥੇ ਅਮਲੀ ਰੂਪ 'ਚ ਪ੍ਰਗਟ ਹੋਈ ਜੀਵਨ ਜਾਚ 'ਚੋਂ ਸਵਾਲ ਉੱਠਦਾ ਐ ਕਿ ਭਲਿਓ ਆਪਣੇ ਗੁਰੂ 'ਤੇ ਨਿਸਚਾ ਕਰ ਕੇ ਤਨੋਂ-ਮਨੋਂ ਦ੍ਰਿੜ੍ਹਤਾ ਨਾਲ ਗੁਰੂ ਦੇ ਬੰਦੇ ਹੋਣ ਦਾ ਵਾਅਦਾ ਤਾਂ ਕਰੋ ਇਹ ਬਲ, ਬਰਕਤਾਂ, ਬੀਰਤਾ, ਬਹਾਦਰੀ ਤੇ ਖ਼ੁੱਸੀਆਂ ਬਹਾਰਾਂ ਵਲ ਭੰਨ੍ਹ ਕੇ ਪਰਤਣਗੀਆਂ। ਖ਼ਾਲਸਾਈ ਰਾਜ ਵਿਚ, ਇਹ ਸਭ ਕੁਝ ਵਿਗਸਦਾ ਇਸ ਸੰਸਾਰ ਨੇ ਦੇਖਿਆ। ਗੁਰੂ ਜੀ ਦਾ ਬੰਦਾ ਹੋ ਕੇ ਉਹਨੇ ਨਿਮਰਤਾ ਸਹਿਤ ਅਮ੍ਰਿਤ ਪਾਨ ਕੀਤਾ ਤੇ 'ਬੈਰਾਗੀ' ਦਾ ਤਖ਼ੱਲਸ ਤਿਆਗ ਕੇ ਉਹ 'ਬਹਾਦਰ' ਦਾ ਤਖ਼ੱਲਸ ਲੈ ਤੁਰਿਆ।

ਕਦੀ ਉਹ ਬਚਪਨ ਵਿਚ ਹਿਰਨੀ ਦੇ ਬੱਚਿਆਂ ਦੀ ਮੌਤ 'ਤੇ ਰੋਇਆ ਸੀ ਤੇ ਆਪਣੇ ਆਪ 'ਤੇ ਪਸ਼ਚਾਤਾਪ ਕਰਦਾ ਬੈਰਾਗੀ ਬਣ ਗਿਆ, ਪਰ ਅੱਜ ਉਹ ਕਲਗੀਧਾਰ ਪਿਤਾ ਦੇ ਮਾਸੂਮ ਪੁੱਤਰਾਂ ਉੱਤੇ ਹੋਏ ਜ਼ੁਲਮ ਦੀ ਕਥਾ ਸੁਣ ਕੇ ਫਿਰ ਰੋਇਆ ਪਰ ਮੁਗ਼ਲ ਸਲਤਨਤ ਨਾਲ ਟੱਕਰ ਲੈਣ ਲਈ ਬੈਰਾਗੀ ਤੋਂ ਬਹਾਦਰ ਬਣ ਕੇ ਉੱਠਿਆ। ਜਦ ਉਸ ਨੇ ਹਿਰਨੀ 'ਤੇ ਤੀਰ ਚਲਾਇਆ ਸੀ ਤਾਂ ਉਹ ਜੰਗਲ ਬੀਆਬਾਨ ਵਿਚ ਇਕੱਲਾ ਸੀ। ਬੈਰਾਗੀ ਹੋ ਗਿਆ। ਪਰ ਫ਼ਰਕ ਇੰਨਾ ਕਿ ਅੱਜ ਪੰਥ ਦੇ ਵਾਲੀ, ਕਲਗੀਧਰ ਪਾਤਸ਼ਾਹ ਜੀ ਦੇ ਚਰਨਾਂ 'ਚ ਬੈਠਾ ਸੀ। ਗੁਰੂ ਜੀ ਦਾ ਥਾਪੜਾ ਲੈ, ਪ੍ਰਣ ਕੀਤਾ ਤੇ ਐਸਾ ਸੇਵਕ ਬਣਿਆਂ ਕਿ ਬਹਾਦਰੀ ਦਾ ਰੁਤਬਾ ਪਾਇਆ। ਬਾਬਾ ਬੰਦਾ ਸਿੰਘ ਬਹਾਦਰ ਨੂੰ ਪਾਰਸ-ਗੁਰੂ ਦੀ ਛੋਹ ਪ੍ਰਾਪਤ ਕਰ ਕੇ, ਸੋਨਾ ਬਣ ਕੇ ਮੁੱਲ ਪਵਾਉਂਦਾ ਇਸ ਸੰਸਾਰ ਨੇ ਦੇਖਿਆ।

ਗੁਰਮੁਖ ਪਿਆਰਾ ਕਹਿੰਦਾ, ਅਕਾਲੀ ਜੀ ! ਕਈ ਅਜੇ ਵੀ ਇਸ ਯੋਧੇ ਦੇ ਸਿੰਘਉਪੁਣੇ ਅਤੇ ਅੰਮ੍ਰਿਤਧਾਰੀ ਜੀਵਨ ਨੂੰ ਨਜ਼ਰ-ਅੰਦਾਜ਼ ਕਰ ਕੇ ਬੈਰਾਗੀ ਹੀ ਪ੍ਰਚਾਰ ਰਹੇ ਹਨ।

ਮੈਂ ਕਿਹਾ, ਪਿਆਰਿਆ ! ਬਾਬਾ ਬੰਦਾ ਸਿੰਘ ਜੀ ਦੀ ਜੀਵਨ-ਪ੍ਰਾਪਤੀ, ਜੀਵਨ-ਜੁਗਤੀ, ਜੀਵਨ-ਜਾਗ੍ਰਿਤੀ ਤੇ ਮਹਾਨਤਾ ਦਸਮ ਪਿਤਾ ਜੀ ਦੇ ਸੰਪਰਕ ਵਿਚ ਆਉਣ ਤੋਂ ਬਾਅਦ ਹੀ ਨਿਵੇਕਲਾ ਰੰਗ ਵਿਖਾਉਂਦੀ ਹੋਈ ਸੰਸਾਰ ਦੇ ਨਕਸ਼ੇ 'ਤੇ ਪ੍ਰਗਟ ਹੁੰਦੀ ਐ। ਇਸ ਜੀਵਨ ਤੋਂ ਉਸ ਨੂੰ ਬੈਰਾਗੀ ਕਹਿਣ ਵਾਲੇ ਕੰਨੀ ਕਤਰਾਉਂਦੇ ਐ। ਇਹ ਤਾਂ ਹੁਣ ਖ਼ਾਲਸਾ ਪੰਥ ਦੀ ਜ਼ਿੰਮੇਵਾਰੀ ਐ ਕਿ ਪੰਥ ਨੇ ਉਸ ਬਹਾਦਰ ਜਰਨੈਲ ਦਾ ਜੀਵਨ ਇਤਿਹਾਸ ਕਿਵੇਂ ਪ੍ਰਚਾਰਨਾ ਹੈ।

ਜਿਵੇਂ ਡਾ. ਸੁਖਦਿਆਲ ਸਿੰਘ ਜੀ ਪਟਿਆਲਾ ਨੇ ਆਪਣੀ ਪੁਸਤਕ ਵਿਚ ਲਿਖਿਆ ਕਿ "ਬਾਬਾ ਬੰਦਾ ਸਿੰਘ ਬਹਾਦਰ ਸਿੱਖ ਇਤਿਹਾਸ ਦੀ ਇਕ ਜ਼ਬਰਦਸਤ ਬੁਝਾਰਤ ਹੈ। ਨਾ ਉਸ ਜੈਸਾ ਕੋਈ ਜੰਗੀ ਜਰਨੈਲ, ਨਾ ਉਸ ਜੈਸਾ ਕੋਈ ਸ਼ਰਧਾਵਾਲ ਸਿੱਖ ।..... ਨਾ ਦੁੱਖ ਦੀ ਪਰਵਾਹ, ਨਾ ਪਰਵਾਰ ਦੀ ਤੇ ਨਾ ਹੀ ਮਾਸੂਮ ਪੁੱਤਰ ਦੀ। ਜੇ ਪਰਵਾਹ ਸੀ ਤਾਂ ਕੇਵਲ ਤੇ ਕੇਵਲ ਗੁਰੂ ਦੇ ਨਾਂ ਦੀ ਅਤੇ ਆਪਣੇ ਸਿੱਖੀ ਸਿਦਕ।

ਸੱਚਮੁੱਚ ਇਹ ਤੱਥ ਉਸ ਯੋਧੇ ਦੇ ਜੀਵਨ-ਇਤਿਹਾਸ ਵਿੱਚੋਂ ਡੁੱਲ੍ਹ-ਡੁੱਲ੍ਹ ਪੈਂਦੇ ਹਨ। ਜੇ ਉਹਨੇ ਅੰਮ੍ਰਿਤ ਦੀ ਦਾਤ ਲਈ ਤਾਂ ਸਿੱਖੀ ਕੇਸਾਂ-ਸਵਾਸਾਂ ਸੰਗ ਨਿਭਾ ਕੇ ਕੌਮ ਸਾਹਵੇਂ ਜੀਵਨ-ਮਾਡਲ ਪੇਸ਼ ਕੀਤਾ। ਜੇ ਨਿਸ਼ਾਨ ਸਾਹਿਬ ਲੈ ਕੇ ਤੁਰਿਆ ਤਾਂ ਉਸ ਕੇਸਰੀ ਨਿਸ਼ਾਨ ਨੂੰ ਸਾਰੇ ਪੰਜਾਬ ਵਿਚ ਐਸਾ ਝੁਲਾਇਆ ਕਿ ਖ਼ਾਲਸਾ ਰਾਜ ਦਾ ਬਾਨੀ ਹੋ ਨਿੱਬੜਿਆ। ਜੇ ਉਸ ਨੂੰ ਗੁਰੂ ਜੀ ਨੇ ਨਗਾਰਾ ਬਖ਼ਸ਼ਿਆ ਤਾਂ ਉਸ ਨਗਾਰੇ ਦੀਆਂ ਚੋਟਾਂ ਨੇ ਜ਼ਾਲਮਾਂ ਦੇ ਦਿਲ ਕੰਬਾ ਦਿੱਤੇ। ਜੇ ਉਸ ਨੇ ਪੰਜ ਤੀਰ ਬਖ਼ਸ਼ਿਸ਼ ਵਿਚ ਲਏ ਤਾਂ ਉਹ ਗ਼ਰੀਬ ਦੀ ਰੱਖਿਆ ਤੇ ਜਰਵਾਣੇ ਦੀ ਭੱਖਿਆ ਲਈ ਚੱਲੇ। ਜੇ ਉਹਨੇ ਗੁਰੂ-ਪਿਤਾ ਵੱਲੋਂ ਬਖ਼ਸ਼ੇ ਹੁਕਮਨਾਮੇ ਦੇ ਬੋਲ ਕੌਮੀ ਵਾਰਸਾਂ ਨੂੰ ਪੜ੍ਹ ਕੇ ਸੁਣਾਏ ਤਾਂ ਪੰਜਾਬ ਦੀ ਧਰਤੀ ਤੋਂ ਬੀਰ-ਬਹਾਦਰਾਂ ਦੀਆਂ ਵਹੀਰਾਂ ਉੱਠ ਖਲੋਤੀਆਂ । ਜੇ ਉਸ ਯੋਧੇ ਨੇ ਕਦੀ ਕਲਗੀਧਰ ਪਿਤਾ ਦਿਆਂ ਚਰਨਾਂ ਵਿਚ ਨਿਮਰਤਾ ਨਾਲ ਕਿਹਾ ਸੀ ਕਿ ਮੈਂ ਤੁਹਾਡਾ ਬੰਦਾ ਹਾਂ ਤਾਂ ਸੱਚਮੁਚ ਆਪਣੀਆਂ ਜਿੱਤਾਂ ਅਤੇ ਰਾਜਧਾਨੀ 'ਤੇ ਫੋਕਾ ਹੰਕਾਰ ਨਹੀਂ ਕੀਤਾ ਸਗੋਂ ਜੇਕਰ ਸਿੱਕਾ ਚਲਾਇਆ ਤਾਂ ਉਸੇ ਹੀ ਗੁਰੂ ਦੇ ਨਾਉਂ ਦਾ, ਜਿਨ੍ਹਾਂ ਦਾ ਬੰਦਾ ਬਣਿਆ ਸੀ। ਇਹ ਸ਼ਬਦ ਉਸੇ ਭਾਵਨਾ 'ਚੋਂ ਸਿੱਕੇ 'ਤੇ ਉਕਰੇ ਸਨ:

ਸਿੱਕਾ ਜ਼ਦ ਬਰ ਹਰ ਦੋ ਆਲਮ, ਤੇਗਿ ਨਾਨਕ ਵਾਹਿਬ ਅਸਤ ॥
ਫ਼ਤਹ ਗੋਬਿੰਦ ਸਿੰਘ ਸ਼ਾਹੇ-ਸ਼ਾਹਾਨ, ਫ਼ਜ਼ਲਿ ਸੱਚਾ ਸਾਹਿਬ ਅਸਤ ॥

ਭਾਵ ਜੋ ਦੋ ਜਹਾਨ ਉੱਤੇ ਸਿੱਕਾ ਚਲਾਇਆ, ਇਹ ਬਖ਼ਸ਼ਿਸ਼ਾਂ ਗੁਰੂ ਨਾਨਕ ਪਾਤਸ਼ਾਹ ਦੀ ਤੇਗ ਨੇ ਬਖ਼ਸ਼ੀਆਂ ਨੇ, ਇਹ ਸ਼ਾਹਾਂ ਦੇ ਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫ਼ਤਹਿ ਐ ਤੇ ਮਿਹਰਾਂ ਸੱਚੇ ਰੱਬ ਨੇ ਕੀਤੀਆਂ ਨੇ। ਏਸੇ ਦਾ ਭਾਵ ਅਰਥ ਸਪਸ਼ਟ ਕਰਦਿਆਂ ਇਕ ਕਵੀ ਨੇ ਕਾਵਿ-ਰੂਪ ਇਉਂ ਚਿਤਰਿਆ ਐ:

ਸਿੱਕਾ ਮਾਰਿਆ ਦੋ ਜਹਾਨ ਉੱਤੇ, ਬਖ਼ਸ਼ਾਂ ਬਖ਼ਸ਼ੀਆਂ ਨਾਨਕ ਦੀ ਤੇਗ ਨੇ ਸੀ। ਫ਼ਤਹਿ ਸ਼ਾਹਿ ਸ਼ਾਹਾਨ ਗੋਬਿੰਦ ਸਿੰਘ ਦੀ, ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਸੀ।

ਤੇ ਫੇਰ ਇਕ ਮੋਹਰ ਵੀ ਤਿਆਰ ਹੋਈ ਜਿਸ ਦੀ ਹੋਂਦ ਤੋਂ ਬਿਨਾਂ ਅੰਤਮ ਪ੍ਰਵਾਨਗੀ ਨਹੀਂ ਹੁੰਦੀ। ਇਹ ਖ਼ਾਲਸਾ ਦਰਬਾਰ ਵੱਲੋਂ ਜਾਰੀ ਹੁੰਦੇ ਹਰ ਫ਼ੁਰਮਾਨ ਉੱਤੇ, ਸਰਕਾਰੀ ਦਸਤਾਵੇਜ਼ ਤੇ ਹਰੇਕ ਹੁਕਮ ਜਾਂ ਪਰਵਾਨੇ 'ਤੇ ਲੱਗਦੀ ਸੀ। ਇਹ ਮੋਹਰ ਦੇ ਸ਼ਬਦ ਵੀ ਉਸ ਬੰਦੇ ਦੀ ਗੁਰੂ-ਬੰਦਗੀ ਤੇ ਗੁਰੂ-ਬਖ਼ਸ਼ਿਸ਼ਾਂ ਦੇ ਸ਼ੁਕਰਾਨੇ 'ਚ ਲਬਰੇਜ਼ ਅੰਤਰ-ਆਤਮਾਦ ਦੀ ਸ਼ਾਖਿਆਤ ਗਵਾਹੀ ਭਰਦੇ ਨੇ ਕਿ ਮਾਣ-ਸਤਿਕਾਰ ਦੀ ਮਰਯਾਦਾ ਕੀ ਐ। ਇਹ ਗੁਰੂ ਪ੍ਰਤੀ ਮੋਹ-ਭਿੱਜੇ ਸ਼ਬਦ ਅੱਜ ਵੀ ਮੋਹ-ਵਿਹੂਣਿਆਂ ਲਈ ਪ੍ਰੇਰਨਾਦਾਇਕ ਹਨ:

ਦੇਗੋ ਤੇਗੋ ਫ਼ਤਹਿ ਓ ਨੁਸਰਤਿ ਬੇ-ਦਿਰੰਗ ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥

ਭਾਵ ਦੇਗ ਤੇਗ ਦੀ ਜਿੱਤ ਤੇ ਸੇਵਾ ਗੁਰੂ ਨਾਨਕ-ਗੁਰੂ ਗੋਬਿੰਦ ਜੀ ਤੋਂ ਪ੍ਰਾਪਤ ਕੀਤੀ ਹੈ। ਗੁਰਮੁਖ ਪਿਆਰਾ ਕਹਿੰਦਾ, ਅਕਾਲੀ ਜੀ ! ਧੰਨ ਸਨ ਬਾਬਾ ਬੰਦਾ ਸਿੰਘ ਬਹਾਦਰ ਤੇ ਧੰਨ ਸੀ ਉਨ੍ਹਾਂ ਦੀ ਗੁਰੂ ਪ੍ਰਤੀ ਸ਼ਰਧਾ।

ਮੈਂ ਕਿਹਾ, ਪਿਆਰਿਆ ! ਵੱਡੀ ਗੱਲ ਕਿ ਵਕਤ ਦੀ ਸੋਚ 'ਚ ਕਿੰਨਾ ਅੰਤਰ ਐ ਕਿ ਮੁਗ਼ਲ ਬਾਦਸ਼ਾਹਾਂ ਦੇ ਸਿੱਕੇ, ਰਾਜਧਾਨੀ, ਮੋਹਰਾਂ ਸਭ ਬਾਦਸ਼ਾਹ ਦੇ ਨਾਉਂ 'ਤੇ ਚੱਲਦੇ ਸਨ ਤੇ ਖ਼ਾਲਸੇ ਦੇ ਰਾਜ 'ਚ ਬਾਬਾ ਬੰਦਾ ਸਿੰਘ ਜੀ ਵਾਹਿਗੁਰੂ ਦੀ ਮਿਹਰ-ਗੁਰੂ ਨਾਨਕ ਪਾਤਸ਼ਾਹ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਖ਼ਸ਼ਿਸ਼ ਦਾ ਸ਼ੁਕਰਾਨਾ ਕਰਦੇ ਹਨ। ਸਭ ਕੁਝ ਉਨ੍ਹਾਂ ਦੇ ਨਾਂਉਂ 'ਤੇ ਹੈ।

ਇਹੋ ਸੱਚੇ ਸਿੱਖ ਦੀਆਂ ਭਾਵਨਾਵਾਂ ਤੇ ਸਾਧਾਰਨ ਮਨੁੱਖ ਦੀ ਬਿਰਤੀ 'ਚ ਫ਼ਰਕ ਹੁੰਦੈ ਕਿ ਅਸੀਂ ਹਉਮੈ ਵਿਚ ਕਹਿ ਦੇਨੇ ਆਂ ਕਿ ਆਹ ਕੁਝ ਮੈਂ ਈ ਕੀਤਾ ਐ ਜਦ ਕਿ ਗੁਰੂ ਦੇ ਬੰਦੇ ਹੋਣ ਵਿਚ ਨਿਮਰਤਾ ਵੇਖੋ ਕਿ ਉਹਦੀ ਬਖ਼ਸ਼ਿਸ਼ ਨਾਲ ਹੋਇਆ। ਸਾਡੇ ਬਹੁਤੇ ਝਗੜੇ-ਝਮੇਲੇ 'ਮੈਂ ਮੇਰੀ' ਦੀ ਉਪਜ ਹਨ। ਕਾਸ਼ ! ਗੁਰੂ-ਪੰਥ ਦੇ ਵਾਰਸ ਗੁਰੂ ਦੇ ਬੰਦੇ ਹੋ ਕੇ ਸ਼ੁਕਰਾਨੇ ਵਿਚ ਆ ਜਾਣ ਤਾਂ ਸਾਡੀਆਂ ਬਹੁਤੀਆ ਉਲਝਣਾਂ ਦਾ ਹੱਲ ਇਸੇ ਵਿਚ ਈ ਐ। ਬਾਬਾ ਬੰਦਾ ਸਿੰਘ ਬਹਾਦਰ ਗੁਰੂ ਦੀ ਬਖ਼ਸ਼ਿਸ਼ ਨਾਲ ਗ਼ਰੀਬਾਂ ਨੂੰ ਪਾਤਸ਼ਾਹੀ ਦਾ ਤਾਜ ਦਿੰਦਾ ਐ। ਬੇਜ਼ਮੀਨੇ ਹਲ-ਵਾਹਕਾਂ ਨੂੰ ਜ਼ਮੀਨਾਂ ਦਿਵਾਉਣੀਆਂ, ਗਊ-ਗ਼ਰੀਬ ਦੇ ਹਤਿਆਰਿਆਂ ਨੂੰ ਸਜ਼ਾ ਦੇਣੀ, ਨਿਮਾਣਿਆਂ ਨਿਤਾਣਿਆਂ ਨੂੰ ਬਹਾਦਰ ਬਣਾ ਸੰਗ ਲੈ ਕੇ ਤੁਰਨਾ ਤੇ ਸਭਨਾਂ ਦੇ ਹੱਕ ਦਿਵਾਉਣੇ ਉਸ ਬਹਾਦਰ ਦੀ ਬਹਾਦਰੀ ਦੇ ਗਵਾਹ ਨੇ। ਉਹ ਮੈਦਾਨੇ-ਜੰਗ 'ਚ ਬਹਾਦਰ ਜਰਨੈਲ ਸੀ, ਹਕੂਮਤ ਦੀਆਂ ਦਮਨਕਾਰੀ ਨੀਤੀਆਂ ਤੋਂ ਜਾਣੂ ਮਹਾਨ ਨੀਤੀਵਾਨ ਸੀ, ਉਹ ਸਫਲ ਗ੍ਰਿਹਸਤੀ ਤੇ ਸੰਤ-ਸਿਪਾਹੀ ਦਾ ਸੁਮੇਲ ਸੀ।

ਉਹ ਬਾਣੀ ਤੇ ਬਾਣੇ ਦਾ ਧਾਰਨੀ ਯੋਧਾ ਸੀ ਜੋ 'ਨਿਸਚੈ ਕਰ ਆਪਣੀ ਜੀਤ ਕਰੋ' ਦੇ ਗੁਰੂ-ਬੋਲ ਪਾਲਦਾ, ਤੂਫ਼ਾਨੀ ਲਹਿਰਾਂ ਵਾਂਗੂੰ ਚੜ੍ਹਦਾ ਗਿਆ। ਉਸ ਦੀ ਹਰ ਮੈਦਾਨ ਫ਼ਤਹਿ ਹੋਈ ਤੇ ਅੰਤਮ ਸਮੇਂ ਤਕ ਜਬਰ-ਜ਼ੁਲਮ ਦੇ ਖ਼ਿਲਾਫ਼ ਜੂਝਿਆ। ਗੁਰਦਾਸ ਨੰਗਲ ਦੀ ਗੜ੍ਹੀ ਨੂੰ ਪਾਇਆ ਮੁਗ਼ਲਾਂ ਦੇ ਲੰਮੇ ਸਮੇਂ ਤਕ ਦੇ ਘੇਰੇ ਦਾ ਇਤਿਹਾਸ ਉਸ ਯੋਧੇ ਦੀ ਦ੍ਰਿੜਤਾ, ਬਹਾਦਰੀ ਤੇ ਸ਼ਕਤੀ ਦਾ ਗਵਾਹ ਹੈ। ਇਹ ਇਕ ਠੋਸ ਹਕੀਕਤ ਹੈ ਕਿ ਮੁਗ਼ਲ ਉਸ ਨੂੰ ਕੈਦ ਕਰ ਕੇ ਵੀ ਉਸ ਦੇ ਨੁਰਾਨੀ ਚਿਹਰੇ ਦੇ ਜਲੌਂ ਤੇ ਸ਼ਕਤੀ ਤੋਂ ਪਰੀ ਤਰਾਂ ਭੈ-ਭੀਤ ਰਹੇ । ਇਹ ਕੋਈ ਸਾਧਾਰਨ ਵਾਰਤਾ ਨਹੀਂ ਐਂ, ਉਹਦੀਆਂ ਕਰਨੀਆਂ ਏਨੀਆਂ ਮਹਾਨ ਸਨ ਕਿ ਜ਼ਾਲਮ ਹਕੂਮਤ ਦੇ ਤਖ਼ਤ ਪਲਟਾ ਦਿੱਤੇ। ਏਸੇ ਲਈ ਉਹਨੂੰ ਪਿੰਜਰੇ 'ਚ ਕੈਦ ਕਰ ਕੇ ਵੀ ਜ਼ਾਲਮ ਉਹਦੇ ਆਜ਼ਾਦ ਹੋਣ ਤੋਂ ਡਰਦੇ ਸਨ ਜਾਂ ਕਹਿ ਲਓ ਕਿ ਉਹਨੇ ਸਰੀਰ ਕਰਕੇ ਤਾਂ ਕੈਦ ਕਰ ਲਿਆ ਪਰ ਉਹਦੇ ਸਿੰਘਉਪੁਣੇ ਦੀ ਆਭਾ ਮਾਤ ਨਹੀਂ ਪਈ। ਜੀਹਦੇ ਸਿਰਜੇ ਬੰਦੇ ਵਿਚ ਕੋਨੀ ਮਹਾਨਤਾ ਪ੍ਰਗਟੀ, ਉਹਨੂੰ ਸਿਰਜਨ ਵਾਲੇ ਗੁਰੂ ਦੀ ਛੱਬ ਕਿਹੋ ਜਿਹੀ ਹੋਵੇਗੀ ?

ਇਹ ਸਵਾਲ ਉਨ੍ਹਾਂ ਜੱਲਾਦਾਂ ਦੇ ਮਨਾਂ ਵਿਚੋਂ ਉੱਠਿਆ, ਜਿਨ੍ਹਾਂ ਨੇ ਜਬਰ, ਜ਼ੁਲਮ ਤੇ ਅੱਤਿਆਚਾਰ ਦੀ ਵੀ ਅੱਤ ਕਰ ਕੇ ਵੇਖ ਲਈ। ਕਿਹੜਾ ਤਸੀਹਾ ਸੀ ਜੋ ਬੰਦਾ ਸਿੰਘ ਜੀ ਨੇ ਆਪਣੇ ਤਨ 'ਤੇ ਨਹੀਂ ਜਰਿਆ ?ਬਾਬਾ ਜੀ ਦੇ ਹੱਥ, ਪੈਰ, ਅੱਖਾਂ ਬੇਰਹਿਮੀ ਨਾਲ ਸਰੀਰ ਤੋਂ ਜੁਦਾ ਕੀਤੇ ਤੇ ਤਪਦੇ ਜਮੂਰਾਂ ਨਾਲ ਉਨ੍ਹਾਂ ਦਾ ਮਾਸ ਨੋਚਿਆ ਗਿਆ। ਉਨ੍ਹਾਂ ਨੇ ਗੁਰੂ ਦੀ ਸਿਮਰਤੀ ਤੇ ਅਕਾਲ ਦੇ ਭਾਣੇ ਵਿਚ ਸਭਕੁਝ ਸਹਿ ਲਿਆ। ਕੋਈ ਵੀ ਜ਼ੁਲਮੋ-ਤਸ਼ੱਦਦ ਬਾਬਾ ਜੀ ਦੀ ਚੜ੍ਹਦੀ ਕਲਾ ਨੂੰ ਡੁਲ੍ਹਾ ਨਹੀਂ ਸਕਿਆ। ਭਾਵੇਂ ਉਹ ਇਕ ਸਮੇਂ ਤਾਂ ਹਿਰਨੀ ਦੇ ਮਾਸੂਮ ਬੱਚਿਆਂ ਨੂੰ ਤੜਪਦੇ ਤੱਕ ਕੇ ਬੈਰਾਗੀ ਹੋ ਗਿਆ ਸੀ ਪਰ ਅੱਜ ਸਮੇਂ ਦਾ ਬਦਲਾਓ ਦੇਖੋ ਕਿ ਉਸ ਦੇ ਆਪਣੇ ਚਾਰ ਸਾਲ ਦੇ ਮਾਸੂਮ ਪੁੱਤ ਅਜੈ ਸਿੰਘ ਨੂੰ ਅੱਖਾਂ ਸਾਹਵੇਂ ਕਤਲ ਕਰ ਕੇ, ਉਸ ਦਾ ਕਲੇਜਾ ਕੱਢ ਕੇ ਜਲਾਦ ਨੇ ਬਾਬਾ ਬੰਦਾ ਸਿੰਘ ਦੇ ਮੂੰਹ ਵਿਚ ਤੁੰਨ ਦਿੱਤਾ ਤਾਂ ਗੁਰੂ ਦਾ ਸਿਦਕੀ ਸਿੱਖ ਭੋਰਾ ਨਾ ਡੋਲਿਆ। ਉਹਨੇ 'ਤੇਰਾ ਕੀਆ ਮੀਠਾ ਲਾਗੈ' ਕਹਿ ਕੇ ਸਵੀਕਾਰ ਕਰ ਲਿਆ। ਨਾ ਡੋਲਿਆ, ਨਾ ਘਬਰਇਆ ਸਗੋਂ ਸਿਦਕ ਨਿਭਣ ਦਾ ਸ਼ੁਕਰ ਮਨਾਇਆ। ਐਸੇ ਸਮੇਂ ਦਾ ਚਿਤਰਨ ਕਰਦੇ ਕਵੀ ਹਰਸਾ ਸਿੰਘ ਚਾਤਰ ਦੇ ਬੋਲ ਹਨ:

ਬੋਟੀ ਬੋਟੀ ਹੋ ਗਿਆ, ਸਿੱਖੀ ਨਹੀਂ ਸੂਰਮੇ ਹਾਰੀ। ਵਿਰਲੇ ਜੰਮਣ ਜੱਗ 'ਤੇ, ਇਹੋ ਜਿਹੇ ਪਰਉਪਕਾਰੀ। ਅੱਜ ਵੀ ਬਾਬਾ ਬੰਦਾ ਸਿੰਘ ਬਹਾਦਰ ਦੀ ਬਹਾਦਰੀ, ਸਿਰੜ, ਸਿਦਕ ਦੀਆਂ ਵਾਰਾਂ ਬੜੇ ਮਾਣ ਨਾਲ ਗਾਈਆਂ ਤੇ ਸੁਣੀਆਂ ਜਾਂਦੀਆਂ ਹਨ। ਹਰੇਕ ਸਿੱਖ ਨੂੰ, ਕੌਮ ਦੇ ਐਸੇ ਸੂਰਬੀਰ ਯੋਧੇ ਉਪਰ, ਮਾਣ ਮਹਿਸੂਸ ਹੋਣਾ ਚਾਹੀਦਾ ਐ।

ਡਾ. ਇੰਦਰਜੀਤ ਸਿੰਘ ਗੋਗੋਆਣੀ

# The Early Politics of the Sikhs

S. Harinder Singh Roop

The broad meaning of siyasat (politics) can be understood as the management of governance. In other words, becoming a ruler, helping someone become a ruler, or protecting oneself from the injustices of a ruler is also politics.When Babur attacked the Lodhis, Punjab experienced great hardship. Guru Nanak Sahib was deeply moved, and he raised his voice against Babur's tyranny in the Babar Bani. Raising such a voice itself was the earliest form of Sikh politics. The next step in this politics was to find ways to escape oppression. To protect people from the excesses of rulers, the Guru Sahiban began building a new social order.In politics, the greater the number of people who support one's ideas, the greater the success.

To bring people toward one's ways of thinking, it is necessary to love them. Guru Nanak Dev Ji reached out to the people with deep compassion, encouraged them to live with dignity, and uplifted them. He explained that every person has the right to benefit from all of nature's gifts. All human beings are brothers, created by the same Creator. Why then should one brother harm another? The answer to this question too can be understood as politics.Malik Bhago exploited the poor, and Guru Nanak Sahib refused to eat at his home. The Guru revealed that in Malik's feast lay the blood of the poor—his wealth earned dishonestly through deceit and exploitation. Guru Nanak Sahib saw honest work as pure milk, and by accepting the simple bread of Bhai Lalo, he demonstrated the true colour of politics.

This form of politics quickly won the hearts of the masses. Poverty is a great curse, and loving the poor is a virtue found only in the truly noble. In this love, too, there was a form of politics. Centuries later, Karl Marx adopted a similar kind of politics—or rather, he closely analysed and explained the same principles that the Guru had already lived.

In Sikh history, great emphasis is placed on the institution of langar. Langar was the first effort to eliminate hunger. Removing hunger from the land is politics. Through langar, people sat together in lines (pangats). By sitting together, the notions of high and low dissolved, mutual love grew, goodwill increased, and people felt inspired to help each other in their difficulties. All this credit goes to the institution of langar.The people were weary of the excesses of their rulers. The sangat observed the conduct of the Guru. Without lengthy sermons, even personal disputes were settled in their presence. The Guru resolved conflicts of enmity, jealousy, and financial disagreements within moments. For this reason, the sangats began calling the Gurus Sachcha Patshah—the True King. By calling the Guru the True King, they indirectly rejected those rulers who imposed their authority through the sword.This laid the foundation for a strong system of Panchayati Raj among the Sikhs. The Guru was the supreme panch (leader).

These panch were unafraid of governmental power, nor did they seek honour or favors from the kings of the time. This independence alarmed Emperor Jahangir. Being a politician himself, he could foresee future events. He examined and compared his own empire with the Guru's spiritual and social sovereignty. He noticed that not just Hindus, but even Muslims, were leaning toward Guru Arjan Sahib. He feared that the rising wave from the Beas region might one day reach Delhi or Agra and weaken the foundations of his empire.

Thus, Jahangir declared Guru Arjan Sahib a "kafir" in his own handwriting and, by giving it a religious colour, had him executed—so that no devout Muslim would raise a protest against this injustice. Not even Pir Mian Mir's displeasure could stop him, and the emperor succeeded in his political maneuver.Jahangir wrote whatever he wished in the Tuzk-e-Jahangiri, but in reality, he was deeply afraid of this parallel authority—what we today might call a parallel government. Such a government has its own systems, symbols, and ways of functioning, running independently alongside the official state.

At the time of his martyrdom, Guru Arjan Sahib did not allow anyone to raise a hand in his defence. A silent battle is not for the faint-hearted. When one witnesses a person embracing martyrdom with calm acceptance, a profound sense of hatred naturally arises in the heart against the oppressor, and the memory of the martyr's cause spreads on its own. For this reason, Guru Sahib made peaceful resistance an essential feature of Sikh politics.With the period of Guru Hargobind Sahib, Sikh politics changed direction, but that belongs to another discussion.

Translated by Manpreet Kaur.

# Towards Social Development or Social Decline?

Change is an inherent law of society. Today, it is often said that human beings are progressing and becoming modern; however, the direction of this change is primarily material, not mental. When we speak of progress, all our examples point towards material advancement—travelling across the world, the shrinking of distances, fashion diversity, the increase of hotels and clubs in daily life, fast food, excessive spending, refined languages, and so on.Yet this entire pattern of growth belongs to external development—that is, material progress. It may be considered development, but the mental state or inner direction of human beings behind this change becomes an essential question when discussing real progress.Indian philosophy has always emphasized mental and spiritual growth more than material advancement. Although our current path of material progress is influenced by Western ideas—where mental development is defined by comfort and human rights—an important question arises: what is the true condition of social and moral values within that very Western civilization?Even if we assume that individuals there enjoy complete physical comforts, it is equally true that the joy of mental well-being and the radiance of spirituality are diminishing. Hidden facts point to this—such as the reality that 80% of individuals suffer from stress and depend on anti-stress medication. This raises a pressing question: in a society where social bonds are weakening, is rising stress the result of declining mental strength?Material development has always progressed rapidly, whereas mental development occurs slowly. Because of this slowness, it is often labelled cultural backwardness—and Indian philosophy has repeatedly been subjected to such judgement. Today, under the influence of Westernization, we have limited ourselves almost entirely to material progress. Increasing wealth and possessions and the rise in personal needs are hollowing out our families from within. No one has time to sit with their families and enjoy life. Material abundance has created a scarcity of time. People seek peace externally. Relationships have become materialistic and self-centered.This is why family and social fragmentation continue to rise.For centuries, the birth of girls in our society was unwelcome. After the birth of a daughter, midwives would often kill the infant and remark:"ਗੁੜ ਖਾਈਂ ਪੂਣੀ ਕੱਤੀਂ ਆਪ ਨਾ ਆਈਂ, ਵੀਰ ਨੂੰ ਘੱਤੀਂ।"Today's mechanical age has produced newer methods to eliminate female children.

Despite the Sikh Gurus forbidding any relationship with families who killed their daughters, very few households today have remained free from this sin. The rising rate of female foeticide and the declining female population in census reports reveal the kind of mental progress we have made.Studies show that female foeticide is more common among educated and wealthy families than among the poor or uneducated.With the breakdown of joint families, institutions such as orphanages and old-age homes have emerged. Childhood values and security in old age are disappearing. In this race for progress, separate rooms, separate televisions, and separate lifestyles have become common. People are becoming isolated from one another. Material diversity has broken our eternal bonds and pushed us towards temporary connections. Our old social and moral values have shattered to the extent that even changing life partners has become a trend in Indian society.Yet this external search for satisfaction does not lead to inner fulfillment.As a result, mental insecurity increases. Society then faces consequences such as suicide, alcoholism, drug addiction, murder, rape, domestic violence, marital breakdown, conflicts, property disputes, children abandoning parents, widening economic gaps, and countless other social evils.Now that the illness has deepened, our attention must turn first to the causes, then to the remedy. Indian philosophy prioritizes spiritual advancement and balanced living—not only in food, drink, speech, and thought, but also in social and moral conduct. True human development lies in inner spiritual bliss, through which qualities emerge that strengthen family and social life. However, by walking solely on the path of material progress, we have drifted away from spiritual development and thus away from our roots.Bhagat Kabir Ji's words beautifully describe our condition:ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥ ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥੧॥ ਰਹਾਉ॥ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥ਮਾਇਆ ਗਈ ਤਬ ਰੋਵਨੁ ਲਗਤੁ ਹੈ॥੧॥In today's age, the search for peace has led people to adopt meditation, proving that material abundance alone cannot give true happiness or mental calm. There is a need to rise above selfishness and materialism and reconnect with our roots—where we receive guidance to connect with the universe and restore social harmony:ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ॥ਭਜੁ ਮਨ ਮੇਰੇ ਏਕੋ ਨਾਮ॥ਜੀਅ ਤੇਰੇ ਕੈ ਆਵੈ ਕਾਮ॥When one recognizes and reconnects with one's root, one never withers. Eternal joy and peace are attained. The changing seasons of life—joy or sorrow, pleasure or pain—cannot shake such a person because their roots are strong.What is needed is only to recognize and return to that root. This alone can balance our material development and make our lifestyle—eating, living, dressing—naturally simple:ਬਾਬਾ ਹੋਰੁ ਖਾਣਾ ਖੁਸੀ ਖੁਆਰੁ॥ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ॥The path of mental and spiritual development frees an individual from the grip of maya and instead places maya under their control. The difference between maya and meaa (compassion) is only a single matra, yet the meanings are vastly different.Connection with meaa makes life blessed; attachment to maya disconnects us from our roots. This difference is visible in the lives of the gurmukh and the manmukh. The manmukh does not recognize the Source—considering the Giver insignificant but the gift enormous. Guru Arjan Dev Ji teaches:ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ॥The wise say that a gurmukh is like the swan that dwells in the sacred lake—it does not need a muddy puddle. The gurmukh is like the koel that always sings in gardens, while the manmukh is like the crane wandering from pond to pond.The crow sits on dry trees and is always shifting; similarly, a manmukh keeps wandering. A gurmukh, on the other hand, is like a firmly rooted tree, giving fruit and shade.Bhai Gurdas Ji expresses this beautifully:ਹੰਸੁ ਨ ਛਡੈ ਮਾਨਸਰ ਬਗੁਲਾ ਬਹੁ ਛਪੜ ਫਿਰਿ ਆਵੈ।ਕੋਇਲ ਬੋਲੈ ਅੰਬ ਵਣਿ ਵਣਿ ਵਣਿ ਕਾਉ ਕੁਥਾਉ ਸੁਖਾਵੈ॥ (ਵਾਰ ੫:੧੯)The manmukh, upon receiving gifts, forgets the Giver; but the gurmukh, thanking the Almighty, shares everything with others and never considers anything as his own.King Janak, despite possessing immense wealth, remained unattached—an ideal balance between maya and meaa.Bhai Vir Singh Ji says:ਆਬਸ਼ਰ ਆਖੇ ਸੁਣ ਭੋਲੇ ਮੈਂ ਤਾਂ ਵਸਤ ਨਾ ਕਾਈ।ਅਰਸ਼ੋਂ ਲੈਣਾ ਤੇ ਫਰਸ਼ੀਂ ਦੇਣਾ ਇਹ ਰੀਤ ਅਸਾਡੀ ਆਹੀ। Expressing gratitude to the One who forever gives—this is a revered part of Indian philosophy.If we pursue material progress while simultaneously nurturing spiritual development, only then can social and moral growth truly take place—and human life becomes meaningful.

**Varinderjeet Kaur**
**Translated by Manpreet Kaur**

# ਸਿੱਖ ਵਿਦਵਾਨ ਤੇ ਸਮਾਜ ਸੁਧਾਰਕ: ਗਿਆਨੀ ਦਿੱਤ ਸਿੰਘ



ਗਿਆਨੀ ਦਿੱਤ ਸਿੰਘ

ਸਿੱਖ ਜਗਤ ਤੇ ਪੰਜਾਬੀ ਸਾਹਿਤ 'ਚ ਗਿਆਨੀ ਦਿੱਤ ਸਿੰਘ ਦਾ ਨਾਂ ਪ੍ਰਤਿਭਾਸ਼ਾਲੀ ਵਿਦਵਾਨ ਵਜੋਂ ਜਾਣਿਆ ਜਾਂਦਾ ਹੈ। ਗਿਆਨੀ ਦਿੱਤ ਸਿੰਘ ਦਾ ਜਨਮ 21 ਅਪ੍ਰੈਲ, 1850 ਈ. ਨੂੰ ਭਾਈ ਜੀਵਨ ਸਿੰਘ ਦੇ ਘਰ ਮਾਤਾ ਰਾਮ ਕੌਰ ਦੀ ਕੁੱਖ ਤੋਂ ਪਿੰਡ ਕਲੌੜ (ਫ਼ਤਹਿਗੜ੍ਹ ਸਾਹਿਬ) ਵਿਖੇ ਹੋਇਆ। ਮਾਪਿਆਂ ਨੇ ਉਨ੍ਹਾਂ ਦਾ ਨਾਂ 'ਰਾਮ ਦਿੱਤ' ਰੱਖਿਆ ਜੋ ਮਗਰੋਂ ਦਿੱਤ ਰਾਮ ਤੋਂ ਦਿੱਤ ਸਿੰਘ ਕਰਕੇ ਪ੍ਰਵਾਨ ਹੋਇਆ। ਮੁੱਢਲੀ ਵਿੱਦਿਆ ਆਪਣੇ ਸੰਤ ਰੂਪੀ ਗੁਰੂ ਦੀਵਾਨ ਸਿੰਘ ਤੋਂ ਹਾਸਲ ਕੀਤੀ। ਦੀਵਾਨ ਸਿੰਘ ਦਾ ਪਿਛੋਕੜ ਝੱਲੀਆਂ ਕਲਾਂ (ਰੋਪੜ) ਪਿੰਡ ਦਾ ਸੀ, ਜੋ ਖ਼ੁਦ ਇਕ ਚੰਗੇ ਵਿਦਵਾਨ ਸਨ। ਉਨ੍ਹਾਂ ਸਮਿਆਂ ਵਿਚ ਪੜ੍ਹਾਈ ਦਾ ਮਾਧਿਅਮ ਸਾਧੂਆਂ ਦੇ ਡੇਰੇ ਜਾਂ ਧਾਰਮਿਕ ਅਸਥਾਨ ਹੀ ਹੁੰਦੇ ਸਨ, ਜਿਸ ਕਾਰਨ ਦਿੱਤ ਸਿੰਘ ਨੂੰ ਪੰਜ ਗ੍ਰੰਥੀ ਪੜ੍ਹਨ ਮਗਰੋਂ ਕੁਝ ਸਮਾਂ ਸੰਤ ਭਾਗ ਸਿੰਘ ਕੋਲ ਪਿੰਡ ਬਡਾਲਾ (ਖਰੜ ਨੇੜੇ) ਭੇਜਿਆ ਗਿਆ। ਦਿੱਤ ਸਿੰਘ ਬਚਪਨ ਤੋਂ ਹੀ ਬਹੁਤ ਤੀਖਣ ਬੁੱਧੀ ਦੇ ਮਾਲਕ ਸਨ। ਉਨ੍ਹਾਂ ਨੂੰ ਗਿਆਨ ਪ੍ਰਾਪਤ ਕਰਨ ਦੀ ਬਹੁਤ ਲਾਲਸਾ ਸੀ। ਇਸ ਲਈ ਉਨ੍ਹਾਂ ਨੂੰ ਸੰਤ ਕੌਲ ਦਾਸ ਦੇ ਡੇਰੇ ਪਿੰਡ ਤਿਊੜ (ਤਹਿਸੀਲ ਖਰੜ) ਵਿਖੇ ਗੁਲਾਬ ਦਾਸ ਦਾ ਸਾਥ ਪ੍ਰਾਪਤ ਹੋਇਆ। ਇੱਥੇ ਇਕ ਪੰਡਿਤ ਤੋਂ ਸੰਸਿਤ ਸਿੱਖੀ। ਉਰਦੂ ਤੇ ਫ਼ਾਰਸੀ ਦੀ ਕੁਝ ਜਾਣਕਾਰੀ ਖਰੜ ਦੇ ਇਕ ਪੰਡਿਤ ਮੁਨਸ਼ੀ ਸਯਦ ਪਾਸੋਂ ਪ੍ਰਾਪਤ ਕੀਤੀ।

ਸੰਤ ਭਾਗ ਸਿੰਘ ਨਾਲ ਦੌਰਿਆਂ 'ਤੇ ਜਾਣ ਕਾਰਨ ਉਨ੍ਹਾਂ ਨੂੰ ਵਿਦਵਾਨਾਂ ਨਾਲ ਵਿਚਾਰ-ਵਟਾਂਦਰਾ ਕਰਨ ਦਾ ਸੁਭਾਗ ਹਾਸਲ ਹੁੰਦਾ ਗਿਆ ਤੇ ਇਲਾਕੇ ਵਿਚ ਆਪ ਦੀ ਵਿਦਵਤਾ ਦਾ ਚੰਗਾ ਪ੍ਰਭਾਵ ਬੱਝਿਆ। ਫਿਰ ਉਹ 19 ਸਾਲ ਦੀ ਉਮਰ 'ਚ ਪਿੰਡ ਕਲੌੜ ਆ ਗਏ ਤੇ ਇੱਥੋਂ ਸੰਤ ਭਾਗ ਸਿੰਘ ਉਨ੍ਹਾਂ ਨੂੰ ਚੱਠਿਆਂ ਵਾਲੇ (ਲਾਹੌਰ) ਗੁਲਾਬਦਾਸੀਆਂ ਦੇ ਡੇਰੇ ਛੱਡ ਆਏ, ਜਿੱਥੇ ਉਨ੍ਹਾਂ ਨੇ ਗ੍ਰੰਥਾਂ ਦਾ ਅਧਿਐਨ ਕੀਤਾ। ਦਲਿਤ ਵਰਗ 'ਚੋਂ ਹੁੰਦਿਆਂ ਉਨ੍ਹਾਂ ਨੇ ਮੜੀ-ਮਸਾਣੀ, ਦੇਵੀ- ਦੇਵਤਿਆਂ ਦੀ ਮੂਰਤੀ ਪੂਜਾ, ਜਾਤ-ਪਾਤ, ਊਚ-ਨੀਚ ਆਦਿ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਕੇਵਲ ਇਕ ਈਸ਼ਵਰ ਦੀ ਭਗਤੀ 'ਤੇ ਜ਼ੋਰ ਦਿੱਤਾ ਉਨ੍ਹਾਂ ਦਾ ਵਿਆਹ ਜੂਨ, 1872 ਵਿਚ ਸੰਤ ਭਾਗ ਸਿੰਘ ਬਡਾਲਾ ਦੀ ਸਪੁੱਤਰੀ ਬਿਸ਼ਨਦੇਈ ਨਾਲ ਹੋਇਆ, ਜਿਸ ਦੀ ਕੁੱਖੋਂ ਇਕ ਪੁੱਤ ਤੇ ਇਕ ਧੀ ਨੇ ਜਨਮ ਲਿਆ। ਗ੍ਰਹਿਸਥੀ ਜੀਵਨ ਬਿਤਾਉਣ ਤੇ ਆਪਣੇ ਜੀਵਨ ਉਦੇਸ਼ ਲਈ ਉਨ੍ਹਾਂ ਨੇ ਲਾਹੌਰ ਰਹਿਣਾ ਵਧੇਰੇ ਠੀਕ ਸਮਝਿਆ। ਇੱਥੋਂ ਹੀ ਉਨ੍ਹਾਂ ਨੇ ਓਰੀਐਂਟਲ ਕਾਲਜ ਲਾਹੌਰ ਤੋਂ ਪਹਿਲੇ ਸਥਾਨ 'ਤੇ ਰਹਿ ਕੇ ਗਿਆਨੀ ਪਾਸ ਕੀਤੀ। ਪੰਜਾਬ ਵਿਚ ਉਸ ਵੇਲੇ ਧਰਮ ਪ੍ਰਚਾਰ ਕਰਨ ਲਈ ਕਈ ਜਥੇਬੰਦੀਆਂ ਉੱਭਰ ਰਹੀਆਂ ਸਨ, ਜਿਨ੍ਹਾਂ 'ਚੋਂ ਆਰੀਆ ਸਮਾਜ ਲਹਿਰ ਦੇ ਨਾਲ-ਨਾਲ ਸਿੰਘ ਸਭਾ ਲਹਿਰ ਇਕ ਪ੍ਰਮੁੱਖ ਲਹਿਰ ਬਣ ਰਹੀ ਸੀ। 30 ਜੁਲਾਈ, 1873 ਵਿਚ ਸਿੰਘ ਸਭਾ ਲਹਿਰ ਦੀ ਸਥਾਪਨਾ ਹੋਈ, ਜਿਸ ਵਿਚ ਮੁੱਢਲੇ ਸੰਸਥਾਪਕਾਂ ਵਿਚ ਗਿਆਨੀ ਦਿੱਤ ਸਿੰਘ ਦੀ ਭੂਮਿਕਾ ਬਹੁਤ ਮਹੱਤਵ ਰੱਖਦੀ ਹੈ। ਪੰਜਾਬੀਆਂ ਨੂੰ ਈਸਾਈ, ਇਸਲਾਮ ਤੇ ਹਿੰਦੂ ਧਰਮ ਗ੍ਰਹਿਣ ਕਰਵਾਉਣ ਲਈ ਧਾਰਮਿਕ ਜਥੇਬੰਦੀਆਂ ਆਪੋ- ਆਪਣੇ ਪ੍ਰਭਾਵ ਅਧੀਨ ਲਿਆਉਣ ਲਈ ਪੂਰਾ ਟਿੱਲ ਲਾ ਰਹੀਆਂ ਸਨ। ਗਿਆਨੀ ਦਿੱਤ ਸਿੰਘ ਉਦੋਂ ਤਕ ਗੁਰਬਾਣੀ, ਵੇਦਾਂਤ, ਮੀਮਾਂਸਾ, ਪਿੰਗਲ ਤੇ ਕਈ ਭਾਸ਼ਾਵਾਂ ਦੇ ਪ੍ਰਬੀਨ ਗਿਆਤਾ ਬਣ ਚੁੱਕੇ ਸਨ। ਉਹ ਵੱਡੇ-ਵੱਡੇ ਵਿਦਵਾਨਾਂ ਨਾਲ ਸੰਪਰਕ ਕਰਦੇ ਤੇ ਸਮਾਜਿਕ ਕੁਰੀਤੀਆਂ, ਅੰਧ-ਵਿਸ਼ਵਾਸਾਂ ਨੂੰ ਦੂਰ ਕਰਨ ਲਈ ਸਦਾ ਤੱਤਪਰ ਰਹਿੰਦੇ

ਉਨ੍ਹਾਂ ਦੀ ਹਮੇਸ਼ਾ ਇਹ ਤਮੰਨਾ ਹੁੰਦੀ ਸੀ ਕਿ ਸਿੱਖ ਰਹਿਤ ਮਰਿਆਦਾ ਅਨੁਸਾਰ ਸਿੱਖ ਜਗਤ ਵਿਚ ਜਾਗਰੂਕਤਾ ਲਿਆਂਦੀ ਜਾਵੇ। ਇਸੇ ਕਰਕੇ ਸਿੰਘ ਸਭਾ ਲਹਿਰ ਦੇ ਮੋਢੀ ਸੁਧਾਰਕਾਂ ਤੇ ਪ੍ਰਚਾਰਕਾਂ ਵਿਚ ਉਨ੍ਹਾਂ ਦੀ ਅਲੌਕਿਕ ਸ਼ਖ਼ਸੀਅਤ ਬਹੁਤ ਸਨਮਾਨਯੋਗ ਹੈ। ਆਰੀਆ ਸਮਾਜ ਦੇ ਥੰਮ ਪੰਡਿਤ ਦਯਾ ਨੰਦ ਨਾਲ 'ਸੰਵਾਦ' ਰਚਾ ਕੇ ਉਨ੍ਹਾਂ ਨੇ ਆਪਣੀ ਦਿੱਬ-ਦ੍ਰਿਸ਼ਟੀ ਦਾ ਸਿੱਕਾ ਕਾਇਮ ਕੀਤਾ, ਜਿਸ ਨਾਲ ਉਨ੍ਹਾਂ ਦੀ ਵਿਗਿਆਨਕ ਸੋਚ ਨੇ ਲੋਕਾਂ ਅੰਦਰ ਚੁੰਬਕੀ ਖਿੱਚ ਦਾ ਪ੍ਰਮਾਣ ਦਿੱਤਾ।

ਗਿਆਨੀ ਦਿੱਤ ਸਿੰਘ ਬਤੌਰ ਲੇਖਕ ਪੰਜਾਬੀ ਸਾਹਿਤ ਵਿੱਚ ਉੱਚਾ ਸਥਾਨ ਰੱਖਦੇ ਹਨ। ਉਹ 'ਖ਼ਾਲਸਾ ਅਖ਼ਬਾਰ' ਲਾਹੌਰ ਦੇ 1885 ਤੋਂ 1901 (ਅੰਤ ਸਮੇਂ) ਤਕ ਸੰਪਾਦਕ ਰਹੇ। ਉਨ੍ਹਾਂ ਦੇ ਲੇਖ ਧਾਰਮਿਕ, ਇਤਿਹਾਸਕ, ਰਾਜਨੀਤਕ ਤੇ ਸਾਹਿਤਕ ਪੱਖ ਤੋਂ ਉੱਚ ਪਾਏ ਦੇ ਸਮਝੇ ਜਾਂਦੇ ਸਨ। ਉਨ੍ਹਾਂ ਨੇ 25 ਸਾਲ ਆਪਣੀਆਂ ਰਚਨਾਵਾਂ ਰਾਹੀਂ ਸਿੱਖੀ ਸਿਧਾਂਤਾਂ ਨੂੰ ਮਨਮਤ ਨਾਲੋਂ ਨਿਖੇੜਨ ਦੇ ਲੇਖੇ ਲਾਏ। ਉਨ੍ਹਾਂ ਦੀ ਕਾਬਲੀਅਤ ਦੀ ਕਦਰ ਕਰਦਿਆਂ ਓਰੀਐਂਟਲ ਕਾਲਜ ਲਾਹੌਰ ਵਿਖੇ ਬਤੌਰ ਪ੍ਰੋਫੈਸਰ ਸੇਵਾਵਾਂ ਨਿਭਾਉਣ ਦਾ ਸੁਨਹਿਰੀ ਮੌਕਾ ਦਿੱਤਾ ਗਿਆ। ਜਦੋਂ ਅਸੀਂ ਉਨ੍ਹਾਂ ਦੀ ਸਾਹਿਤਕ ਦੇਣ 'ਤੇ ਝਾਤੀ ਮਾਰਦੇ ਹਾਂ ਤਾਂ ਇੰਜ ਲੱਗਦਾ ਹੈ ਕਿ ਜਿਵੇਂ ਆਪ ਪੰਜਾਬੀ ਕਿੱਸਾ-ਕਾਵਿ ਤੇ ਆਧੁਨਿਕ-ਕਾਵਿ ਵਿਚਾਲੇ ਇਕ ਪੁਲ ਦੀ ਨਿਆਈਂ ਸਨ।

ਉਨ੍ਹਾਂ ਦੀ ਪਹਿਲੀ ਰਚਨਾ ਕਿੱਸਾ 'ਸ਼ੀਰੀ-ਫਰਿਹਾਦ 1872 'ਚ ਛਪੀ। ਉਪਰੰਤ 'ਅਬਲਾ ਨੰਦ', 'ਆਤਮ ਸਿੱਧੀ', 'ਦਯਾ ਨੰਦ ਸੰਵਾਦ', 'ਸੁਪਨ-ਨਾਟਕ', 'ਰਾਜ ਪ੍ਰਬੋਧ ਨਾਟਕ', 'ਜੀਵਨ ਸ੍ਰੀ ਗੁਰੂ ਨਾਨਕ ਦੇਵ', 'ਸੈਲਾਨੀ ਸਿੰਘ', 'ਨਕਲੀ ਸਿੱਖ ਪ੍ਰਬੰਧ', 'ਕਲਗੀਧਰ ਉਪਕਾਰ', 'ਧਰਮ ਦਰਪਣ', 'ਸਿੰਘਣੀਆਂ ਦੇ ਸਿਦਕ', 'ਸਿੱਖ ਬੱਚੇ ਦੀ ਸ਼ਹੀਦੀ', 'ਗੁਰੂ ਅਰਜਨ ਪ੍ਰਬੋਧ', 'ਸ਼ਹੀਦੀ ਭਾਈ ਬੋਤਾ ਸਿੰਘ', 'ਸ਼ਹੀਦ ਭਾਈ ਸੁਬੇਗ ਸਿੰਘ', 'ਸ਼ਹੀਦ ਭਾਈ ਤਾਰੂ ਸਿੰਘ', 'ਬਹਾਦਰੀ ਭਾਈ ਮਹਿਤਾਬ ਸਿੰਘ' ਆਦਿ ਕਿਤਾਬਾਂ ਛਪੀਆਂ। ਇਸ ਤੋਂ ਇਲਾਵਾ 'ਜੀਵਨ ਕਥਾ ਗੁਰੂ ਅੰਗਦ ਦੇਵ ਜੀ', 'ਗੁਰੂ ਅਰਜਨ ਦੇਵ ਜੀ', 'ਗੁਰੂ ਹਰਿ ਰਾਇ ਜੀ' ਤੇ 'ਸ੍ਰੀ ਗੁਰੂ ਤੇਗ ਬਹਾਦਰ ਜੀ' ਲਿਖੀਆਂ। ਹੋਰ ਬਹੁਤ ਸਾਰੀਆਂ ਕਿਤਾਬਾਂ ਦੇ ਵੇਰਵੇ ਵੀ ਮਿਲਦੇ ਹਨ।

ਪ੍ਰੀਤਮ ਸਿੰਘ ਐੱਮ.ਏ. ਨੇ ਉਨ੍ਹਾਂ ਦੀਆਂ 44 ਕਿਤਾਬਾਂ ਮੁੜ ਪ੍ਰਕਾਸ਼ਿਤ ਕਰਵਾ ਕੇ ਵੰਡੀਆਂ ਤੇ ਉਨ੍ਹਾਂ ਦੀ ਖੋਜ ਮੁਤਾਬਕ ਗਿਆਨੀ ਜੀ ਦੀਆਂ 72 ਕਿਤਾਬਾਂ ਬਣਦੀਆਂ ਹਨ।

ਇਸ ਲੇਖ ਵਿਚ ਗਿਆਨੀ ਜੀ ਦੀ ਅਦੁੱਤੀ ਸ਼ਖ਼ਸੀਅਤ ਬਾਰੇ ਗੱਲ ਕਰਨੀ ਮੇਰੇ ਲਈ ਵਿੱਤੋਂ ਬਾਹਰੀ ਗੱਲ ਹੈ। ਉਂਜ ਇਹ ਗੱਲ ਪ੍ਰਮਾਣਿਕ ਹੈ ਕਿ ਗਿਆਨੀ ਦਿੱਤ ਸਿੰਘ ਤਰਕਸ਼ੀਲ ਬੁਲਾਰਾ, ਰੋਸ਼ਨ ਦਿਮਾਗ਼ ਇਨਸਾਨ, ਚਿੰਤਨਸ਼ੀਲ ਵਿਅਕਤੀ, ਸਾਹਸ-ਜੁਰਅਤ-ਸਿਰੜ ਦੇ ਮੁਜੱਸਮੇ, ਗੁਰਬਾਣੀ ਦੇ ਪ੍ਰਬੀਨ ਵਿਆਖਿਆਕਾਰ, ਪੰਜਾਬੀ ਪੱਤਰਕਾਰੀ ਦੇ ਪਿਤਾਮਾ, ਉੱਘੇ ਡੀਬੇਟਰ, ਪ੍ਰਬੁੱਧ ਲੇਖਕ ਤੇ ਕਰਮਯੋਗੀ ਸਮਾਜ ਸੁਧਾਰਕ ਸਨ। 6 ਸਤੰਬਰ, 1901 ਨੂੰ ਇਹ ਨਿਧੜਕ ਵਿਦਵਾਨ ਕੁਝ ਚਿਰ ਬਿਮਾਰ ਰਹਿਣ ਪਿੱਛੋਂ ਅਕਾਲ ਚਲਾਣਾ ਕਰ ਗਏ।

**-ਮਨਮੋਹਨ ਸਿੰਘ ਦਾਊਂ**

# ਪਾਕਿਸਤਾਨ ਵਿੱਚ ਸਿੱਖਾਂ ਨੂੰ ਵਧਦੀ ਕੱਟੜਤਾ ਅਤੇ ਨਿਸ਼ਾਨਾ ਬਣਾ ਕੇ ਕੀਤੀ ਗਈ ਹਿੰਸਾ ਦੇ ਵਿਚਕਾਰ ਯੋਜਨਾਬੱਧ ਦੁਰਵਿਵਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ: ਰਿਪੋਰਟ

ਲੰਡਨ-ਪਾਕਿਸਤਾਨ ਵਿੱਚ ਸਿੱਖਾਂ ਦੀ ਵਿਗੜਦੀ ਹਾਲਤ ਧਾਰਮਿਕ ਆਜ਼ਾਦੀ ਦੇ ਲਗਾਤਾਰ ਖੋਰੇ ਨੂੰ ਦਰਸਾਉਂਦੀ ਹੈ, ਜਿਸ ਵਿੱਚ ਲਾਪਤਾ ਹੋਣ, ਜ਼ਬਰਦਸਤੀ ਧਰਮ ਪਰਿਵਰਤਨ ਜਾਂ ਨਿਸ਼ਾਨਾ ਬਣਾ ਕੇ ਕੀਤੀਆਂ ਗਈਆਂ ਹੱਤਿਆਵਾਂ ਦੇਸ਼ ਦੇ ਸੰਵਿਧਾਨ ਵਿੱਚ ਦਰਜ ਸਮਾਨਤਾ ਦੇ ਨਾਜ਼ੁਕ ਵਾਅਦੇ ਨੂੰ ਖਤਮ ਕਰ ਰਹੀਆਂ ਹਨ, ਇੱਕ ਰਿਪੋਰਟ ਸੋਮਵਾਰ ਨੂੰ ਦਿੱਤੀ ਗਈ ਹੈ। ਇਸ ਵਿੱਚ ਅੱਗੇ ਕਿਹਾ ਗਿਆ ਹੈ ਕਿ ਦੇਸ਼ ਵਿੱਚ ਸਿੱਖਾਂ ਦੀ ਘਟਦੀ ਆਬਾਦੀ ਇਤਿਹਾਸਕ ਗੁਰਦੁਆਰਿਆਂ ਦੇ ਬਚਾਅ ਨੂੰ ਵੀ ਖ਼ਤਰੇ ਵਿੱਚ ਪਾਉਂਦੀ ਹੈ, ਕਿਉਂਕਿ ਘਟਦੀ ਗਿਣਤੀ ਉਨ੍ਹਾਂ ਦੀ ਦੇਖਭਾਲ ਵਿੱਚ ਰੁਕਾਵਟ ਪਾਉਂਦੀ ਹੈ। ਯੂਕੇ-ਅਧਾਰਤ ਅਖਬਾਰ ਏਸ਼ੀਅਨ ਲਾਈਟ ਵਿੱਚ ਰਿਪੋਰਟ ਦੇ ਅਨੁਸਾਰ, ਪਾਕਿਸਤਾਨ ਵਿੱਚ ਸਿੱਖਾਂ ਨੂੰ ਡੂੰਘੀਆਂ ਜੜ੍ਹਾਂ ਵਾਲੇ ਸੰਸਥਾਗਤ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਨ੍ਹਾਂ ਦੇ ਸਨਮਾਨ ਅਤੇ ਸੁਰੱਖਿਆ ਨਾਲ ਰਹਿਣ ਦੇ ਅਧਿਕਾਰ ਨੂੰ ਕਮਜ਼ੋਰ ਕਰਦਾ ਹੈ। ਪੰਜਾਬ ਦੇ ਕਪੂਰਥਲਾ ਤੋਂ 52 ਸਾਲਾ ਸਰਬਜੀਤ ਕੌਰ ਦੇ ਹਾਲੀਆ ਮਾਮਲੇ ਨੇ ਇੱਕ ਵਾਰ ਫਿਰ ਪਾਕਿਸਤਾਨ ਵਿੱਚ ਸਿੱਖਾਂ ਦੀ ਨਾਜ਼ੁਕ ਸਥਿਤੀ ਵੱਲ ਧਿਆਨ ਖਿੱਚਿਆ ਹੈ। ਕੌਰ, ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਇੱਕ ਸਿੱਖ ਸ਼ਰਧਾਲੂਆਂ ਦੇ ਸਮੂਹ ਨਾਲ ਯਾਤਰਾ ਕਰਨ ਗਈ ਸੀ, ਯਾਤਰਾ ਦੌਰਾਨ ਲਾਪਤਾ ਹੋ ਗਈ। ਇਸ ਤੋਂ ਥੋੜ੍ਹੀ ਦੇਰ ਬਾਅਦ, ਇੱਕ ਵਿਆਹ ਸਰਟੀਫਿਕੇਟ ਸਾਹਮਣੇ ਆਇਆ ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਉਸਨੇ ਇਸਲਾਮ ਧਰਮ ਅਪਣਾ ਲਿਆ ਹੈ, ਨੂਰ ਨਾਮ ਅਪਣਾਇਆ ਹੈ, ਅਤੇ ਇੱਕ ਸਥਾਨਕ ਨਿਵਾਸੀ, ਨਾਸਿਰ ਹੁਸੈਨ ਨਾਲ ਵਿਆਹ ਕੀਤਾ ਹੈ। ਉਸਦੇ ਕਥਿਤ ਨਿਕਾਹ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਿਆਪਕ ਤੌਰ 'ਤੇ ਪ੍ਰਸਾਰਿਤ ਹੋਇਆ ਹੈ, ਹਾਲਾਂਕਿ ਇਸਦੀ ਪ੍ਰਮਾਣਿਕਤਾ ਸਵਾਲਾਂ ਦੇ ਘੇਰੇ ਵਿੱਚ ਹੈ,÷ ਰਿਪੋਰਟ ਵਿੱਚ ਵਿਸਥਾਰ ਵਿੱਚ ਦੱਸਿਆ ਗਿਆ ਹੈ। ਸਿੱਖ ਸੰਗਠਨਾਂ ਨੇ ਇੱਕ ਪਾਰਦਰਸ਼ੀ ਜਾਂਚ ਦੀ ਮੰਗ ਕੀਤੀ ਹੈ, ਇਸ ਬਾਰੇ ਚਿੰਤਾਵਾਂ ਉਠਾਈਆਂ ਹਨ ਕਿ ਉਸਦਾ ਧਰਮ ਪਰਿਵਰਤਨ ਅਤੇ ਵਿਆਹ ਸਵੈਇੱਛਤ ਸਨ ਜਾਂ ਜ਼ਬਰਦਸਤੀ। ਇਹ ਘਟਨਾ ਇਕੱਲੀ ਨਹੀਂ ਹੈ। ਇਹ ਪਾਕਿਸਤਾਨ ਵਿੱਚ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਜ਼ਬਰਦਸਤੀ ਧਰਮ ਪਰਿਵਰਤਨ ਅਤੇ ਪ੍ਰਣਾਲੀਗਤ ਵਿਤਕਰੇ ਦੀ ਇੱਕ ਵੱਡੀ ਬੇਚੈਨੀ ਨੂੰ ਦਰਸਾਉਂਦੀ ਹੈ। ਦੇਸ਼ ਵਿੱਚ ਸਿਰਫ਼ 20,000 ਦੀ ਗਿਣਤੀ ਵਾਲੇ ਸਿੱਖ ਭਾਈਚਾਰਾ ਲੰਬੇ ਸਮੇਂ ਤੋਂ ਹਾਸ਼ੀਏ 'ਤੇ ਧੱਕੇਸ਼ਾਹੀ, ਹਿੰਸਾ ਅਤੇ ਬਾਹਰ ਕੱਢਣ ਦਾ ਸ਼ਿਕਾਰ ਹੋ ਰਿਹਾ ਹੈ। ਉਨ੍ਹਾਂ ਦੇ ਰੋਜ਼ਾਨਾ ਅਨੁਭਵ ਅਸੁਰੱਖਿਆ, ਸਮਾਜਿਕ ਕਲੰਕ ਅਤੇ ਸੰਸਥਾਗਤ ਅਣਗਹਿਲੀ ਦੁਆਰਾ ਚਿੰਨ੍ਹ ਤ ਹਨ, ਇਸ ਵਿੱਚ ਅੱਗੇ ਕਿਹਾ ਗਿਆ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਨਿਸ਼ਾਨਾ ਬਣਾ ਕੇ ਕੀਤੀਆਂ ਗਈਆਂ ਹੱਤਿਆਵਾਂ ਤੋਂ ਇਲਾਵਾ, ਜ਼ਬਰਦਸਤੀ ਧਰਮ ਪਰਿਵਰਤਨ ਅਤੇ ਵਿਆਹ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ ਕਿਉਂਕਿ ਸਿੱਖ ਅਤੇ ਹਿੰਦੂ ਕੁੜੀਆਂ, ਖਾਸ ਕਰਕੇ ਪਾਕਿਸਤਾਨ ਦੇ ਸਿੰਧ ਸੂਬੇ ਵਿੱਚ, ਅਕਸਰ ਅਗਵਾ ਕੀਤੀਆਂ ਜਾਂਦੀਆਂ ਹਨ ਅਤੇ ਇਸਲਾਮ ਧਰਮ ਅਪਣਾਉਣ ਲਈ ਮਜਬੂਰ ਕੀਤੀਆਂ ਜਾਂਦੀਆਂ ਹਨ। ਸੰਗਠਿਤ ਗਿਰੋਹ, ਅਕਸਰ ਪਾਦਰੀਆਂ ਦੀ ਹਮਾਇਤ ਨਾਲ, ਇਹਨਾਂ ਧਰਮ ਪਰਿਵਰਤਨਾਂ ਨੂੰ ਜਾਇਜ਼ ਠਹਿਰਾਉਣ ਲਈ ਉਮਰ ਸਰਟੀਫਿਕੇਟਾਂ ਵਿੱਚ ਹੇਰਾਫੇਰੀ ਕਰਦੇ ਹਨ। 2017 ਵਿੱਚ, ਹਾਂਗੂ ਜ਼ਿਲ੍ਹੇ ਦੇ ਸਿੱਖਾਂ ਨੇ ਦੋਸ਼ ਲਗਾਇਆ ਕਿ ਇੱਕ ਸਰਕਾਰੀ ਅਧਿਕਾਰੀ ਉਨ੍ਹਾਂ 'ਤੇ ਇਸਲਾਮ ਧਰਮ ਅਪਣਾਉਣ ਲਈ ਦਬਾਅ ਪਾ ਰਿਹਾ ਹੈ। ਵਾਰ-ਵਾਰ ਸ਼ਿਕਾਇਤਾਂ ਦੇ ਬਾਵਜੂਦ, ਘੱਟ ਗਿਣਤੀਆਂ ਦੀ ਰੱਖਿਆ ਲਈ ਕਾਨੂੰਨ ਠੱਪ ਹੈ, ਜਿਸ ਨਾਲ ਭਾਈਚਾਰਿਆਂ ਨੂੰ ਸ਼ੋਸ਼ਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਸ ਵਿੱਚ ਕਿਹਾ ਗਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਧਾਰਮਿਕ ਕੱਟੜਤਾ ਅਤੇ ਚੌਕਸੀ ਹਿੰਸਾ ਦੁਆਰਾ ਪ੍ਰੇਰਿਤ ਸਮਾਜਿਕ ਪੱਖਪਾਤ ਨੂੰ ਮਸਜਿਦਾਂ ਅਤੇ ਜਨਤਕ ਭਾਸ਼ਣਾਂ ਰਾਹੀਂ ਮਜ਼ਬੂਤੀ ਦਿੱਤੀ ਜਾਂਦੀ ਹੈ, ਜਿੱਥੇ ਗੈਰ-ਮੁਸਲਿਮ ਪਰੰਪਰਾਵਾਂ ਦੇ ਰੂੜ੍ਹੀਵਾਦੀ ਵਿਚਾਰ ਨਿਯਮਿਤ ਤੌਰ 'ਤੇ ਫੈਲਾਏ ਜਾਂਦੇ ਹਨ। ਇਸ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਹਾਲਤਾਂ ਨੇ ਪਾਕਿਸਤਾਨ ਵਿੱਚ ਅਜਿਹਾ ਵਿਰੋਧੀ ਮਾਹੌਲ ਪੈਦਾ ਕੀਤਾ ਹੈ ਕਿ ਹਜ਼ਾਰਾਂ ਸਿੱਖਾਂ ਨੂੰ ਵਿਦੇਸ਼ਾਂ ਵਿੱਚ, ਖਾਸ ਕਰਕੇ ਭਾਰਤ ਵਿੱਚ ਸੁਰੱਖਿਆ ਦੀ ਭਾਲ ਕਰਨ ਲਈ ਮਜਬੂਰ ਕੀਤਾ ਗਿਆ ਹੈ।

ਜਿਹੜੇ ਲੋਕ ਪਿੱਛੇ ਰਹਿ ਗਏ ਹਨ, ਉਨ੍ਹਾਂ ਲਈ ਜੀਵਨ ਨਿਰੰਤਰ ਅਸੁਰੱਖਿਆ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਹੈ, ਪ੍ਰਣਾਲੀਗਤ ਬੇਦਖਲੀ ਅਤੇ ਰੋਜ਼ਾਨਾ ਖਤਰਿਆਂ ਦੇ ਵਿਚਕਾਰ ਆਪਣੀ ਪਛਾਣ ਅਤੇ ਵਿਸ਼ਵਾਸ ਨੂੰ ਸੁਰੱਖਿਅਤ ਰੱਖਣ ਲਈ ਸੰਘਰਸ਼ ਕਰਨਾ। ਲਾਪਤਾ ਵਿਅਕਤੀਆਂ ਤੋਂ ਲੈ ਕੇ ਜ਼ਬਰਦਸਤੀ ਧਰਮ ਪਰਿਵਰਤਨ ਤੱਕ, ਨਿਸ਼ਾਨਾ ਬਣਾ ਕੇ ਕੀਤੀਆਂ ਗਈਆਂ ਹੱਤਿਆਵਾਂ ਤੋਂ ਲੈ ਕੇ ਪ੍ਰਣਾਲੀਗਤ ਵਿਤਕਰੇ ਤੱਕ, ਪਾਕਿਸਤਾਨ ਵਿੱਚ ਸਿੱਖ ਇੱਕ ਅਜਿਹੀ ਹਕੀਕਤ ਦਾ ਸਾਹਮਣਾ ਕਰ ਰਹੇ ਹਨ ਜਿੱਥੇ ਨਿਆਂ ਪ੍ਰਾਪਤ ਨਹੀਂ ਹੁੰਦਾ ਅਤੇ ਪੱਖਪਾਤ ਨੂੰ ਰੋਕਿਆ ਨਹੀਂ ਜਾਂਦਾ। ਜਦੋਂ ਤੱਕ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਰਾਖੀ ਲਈ ਤੁਰੰਤ ਕਦਮ ਨਹੀਂ ਚੁੱਕੇ ਜਾਂਦੇ, ਪਾਕਿਸਤਾਨ ਵਿੱਚ ਭਾਈਚਾਰੇ ਦਾ ਬਚਾਅ ਗੰਭੀਰ ਖ਼ਤਰੇ ਵਿੱਚ ਰਹੇਗਾ, ਅਤੇ ਦੇਸ਼ ਦੀ ਬਹੁਲਵਾਦ ਪ੍ਰਤੀ ਵਚਨਬੱਧਤਾ ਘਟਦੀ ਰਹੇਗੀ, ਰਿਪੋਰਟ ਵਿੱਚ ਕਿਹਾ ਗਿਆ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁੰਮ ਹੋਏ 328 ਸਰੂਪਾਂ ਦੇ ਸਬੰਧ ਵਿੱਚ 16 ਖ਼ਿਲਾਫ਼ FIR ਦਰਜ

## ਪੰਜਾਬ ਸਰਕਾਰ ਕਿਸੇ ਵੀ ਧਰਮ ਦੀ ਬੇਅਦਬੀ ਨੂੰ ਬਰਦਾਸ਼ਤ ਨਹੀਂ ਕਰੇਗੀ: ਸਪੀਕਰ ਕੁਲਤਾਰ ਸਿੰਘ ਸੰਧਵਾਂ

ਚੰਡੀਗੜ੍ਹ-ਸਿੱਖ ਭਾਈਚਾਰੇ ਦੀ ਅੰਤਰ-ਆਤਮਾ 'ਤੇ ਪਏ ਡੂੰਘੇ ਜ਼ਖ਼ਮਾਂ ਨੂੰ ਭਰਨ ਅਤੇ ਇਨਸਾਫ਼ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਨ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਾਰਵਾਈ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ (ਪਵਿੱਤਰ ਗ੍ਰੰਥ) ਦੇ ਗੁੰਮ ਹੋਣ ਦੇ ਸਬੰਧ ਵਿੱਚ 16 ਵਿਅਕਤੀਆਂ ਖਿਲਾਫ਼ ਐਫਆਈਆਰ ਦਰਜ ਕੀਤੀ ਹੈ।

ਇਸ ਸਬੰਧੀ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਕਿਸੇ ਵੀ ਧਰਮ ਦੀ ਬੇਅਦਬੀ ਨੂੰ ਬਰਦਾਸ਼ਤ ਨਹੀਂ ਕਰੇਗੀ ਅਤੇ ਸਾਡੀ ਸਰਕਾਰ ਇਸ ਤਰ੍ਹਾਂ ਦੇ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਨਹੀਂ ਬਖਸ਼ੇਗੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨਾਂ ਨੇ ਸਾਨੂੰ ਹਰ ਧਰਮ ਧਰਮ ਦੀ ਰਾਖੀ ਦਾ ਮਾਰਗ ਦਿਖਾਇਆ ਹੈ। ਭਾਈ ਬਲਦੇਵ ਸਿੰਘ ਵਡਾਲਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੀ ਬੇਅਦਬੀ ਦੇ ਦੋਸ਼ੀਆਂ ਵਿਰੁੱਧ ਐਫ.ਆਈ.ਆਰ. ਦਰਜ ਕਰਨ ਲਈ ਪੰਜਾਬ ਸਰਕਾਰ ਦੀ ਸ਼ਲਾਘਾ ਕੀਤੀ। ਉਨ੍ਹਾਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੂੰ ਅਪੀਲ ਕੀਤੀ ਕਿ ਉਹ ਬੇਅਦਬੀ ਦੇ ਅਜਿਹੇ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਯਕੀਨੀ ਬਣਾਉਣ ਲਈ ਪੰਜਾਬ ਵਿਧਾਨ ਸਭਾ ਵਿੱਚ ਕਾਨੂੰਨ ਪਾਸ ਕਰਨ ਤਾਂ ਜੋ ਭਵਿੱਖ ਵਿੱਚ ਕੋਈ ਵੀ ਇਸ ਤਰ੍ਹਾਂ ਦੇ ਅਪਰਾਧ ਨੂੰ ਅੰਜ਼ਾਮ ਦੇਣ ਦੀ ਹਿੰਮਤ ਨਾ ਕਰੇ,



ਜਿਸ ਨਾਲ ਸਮਾਜ ਲਈ ਵੀ ਇੱਕ ਮਜ਼ਬੂਤ ਮਿਸਾਲ ਕਾਇਮ ਹੋਵੇਗੀ।

ਜਿਨ੍ਹਾਂ ਲੋਕਾਂ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ, ਉਨ੍ਹਾਂ ਦੇ ਨਾਮ ਡਾ. ਰੂਪ ਸਿੰਘ, ਮਨਜੀਤ ਸਿੰਘ, ਗੁਰਬਚਨ ਸਿੰਘ, ਸਤਿੰਦਰ ਸਿੰਘ, ਨਿਸ਼ਾਨ ਸਿੰਘ, ਪਰਮਜੀਤ ਸਿੰਘ, ਗੁਰਮੁਖ ਸਿੰਘ, ਜੁਝਾਰ ਸਿੰਘ, ਬਾਜ ਸਿੰਘ, ਦਲਬੀਰ ਸਿੰਘ, ਕਮਲਜੀਤ ਸਿੰਘ, ਕੁਲਵੰਤ ਸਿੰਘ, ਜਸਪ੍ਰੀਤ ਸਿੰਘ, ਗੁਰਬਚਨ ਸਿੰਘ, ਸਤਿੰਦਰ ਸਿੰਘ ਅਤੇ ਅਮਰਜੀਤ ਸਿੰਘ ਹਨ। ਇਸ ਸਬੰਧੀ ਐਫ.ਆਈ.ਆਰ., ਆਈ.ਪੀ.ਸੀ. ਦੀਆਂ ਧਾਰਾਵਾਂ 295 (ਕਿਸੇ ਧਰਮ ਦਾ ਨਿਰਾਦਰ ਕਰਨ ਦੇ ਇਰਾਦੇ ਨਾਲ ਪੂਜਾ ਸਥਾਨ ਜਾਂ ਪਵਿੱਤਰ ਵਸਤੂ ਨੂੰ ਨੁਕਸਾਨ ਪਹੁੰਚਾਉਣਾ ਜਾਂ ਬੇਅਦਬੀ ਕਰਨਾ), 295-ਏ (ਧਾਰਮਿਕ ਭਾਵਨਾਵਾਂ ਭੜਕਾਉਣ ਦੇ ਇਰਾਦੇ ਨਾਲ ਜਾਣ-ਬੁੱਝਕੇ ਕੀਤੀਆਂ ਘਿਨਾਉਣੀਆਂ ਗਤੀਵਿਧੀਆਂ), 409 (ਅਪਰਾਧਿਕ ਤੌਰ 'ਤੇ ਭਰੋਸੇ ਦੀ ਉਲੰਘਣਾ), 465 (ਜਾਅਲਸਾਜ਼ੀ) ਅਤੇ 120-ਬੀ (ਅਪਰਾਧਿਕ ਸਾਜ਼ਿਸ਼) ਤਹਿਤ ਪੁਲਿਸ ਥਾਣਾ ਡਿਵੀਜ਼ਨ-ਸੀ ਅੰਮ੍ਰਿਤਸਰ ਕਮਿਸ਼ਨਰੇਟ ਵਿਖੇ ਦਰਜ ਕੀਤੀ ਗਈ ਹੈ।

ਇਹ ਕਾਰਵਾਈ ਅੰਮ੍ਰਿਤਸਰ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੇ ਪ੍ਰਕਾਸ਼ਨ ਘਰ, ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿੱਚ ਰਿਕਾਰਡ ਦੇ ਰੱਖ-ਰਖਾਅ ਵਿੱਚ ਸਾਹਮਏ ਆਈਆਂ ਊਣਤਾਈਆਂ ਅਤੇ ਗਲਤ ਪ੍ਰਬੰਧਨ ਦੀ ਲੰਮੇ ਸਮੇਂ ਦੀ ਜਾਂਚ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ।

## ਸੰਗਤ ਦਾ ਸੰਦੇਸ਼

ਰਾਹੀਆ ਜਾਂਦਿਆ ਪਯਾਰੇ ਦੇ ਦੇਸ਼ ਨੂੰ !
ਦੇਈਂ ਸੁਹਣੇ ਨੂੰ ਮੇਰਾ ਸੰਦੇਸ਼ ਤੂੰ:-
ਪਈ ਜੱਫ਼ਰਾਂ ਨੂੰ ਨਿੱਤ ਜਾਲਦੀ,
ਕਲ.ਗੀ ਵਾਲੇ ਨੂੰ ਨਿੱਤ ਸੰਮ ਹਾਲਦੀ ।

ਵਿੱਥਾਂ ਬਿਰਹੋਂ ਨੇ ਡਾਢੀਆਂ ਪਾਈਆਂ,
ਘਟਾਂ ਉਮਡ ਉਦਾਸੀ ਦੀਆਂ ਆਈਆਂ,
ਜਿੰਦ .ਗਮਾਂ ਦੇ ਵਿਚ ਪਈ ਗਾਲਦੀ,
ਕਲ.ਗੀ ਵਾਲੇ ਨੂੰ ਨਿੱਤ ਸੰਮ ਹਾਲਦੀ ।

ਦਿਨੇ ਚੈਨ ਨਾ ਨੀਂਦਰਾਂ ਰਾਤ ਨੂੰ,
ਰਹੇ ਸਿੱਕਣੀ ਸੰਝ ਪਰਭਾਤ ਨੂੰ,
ਘਾਲਾਂ ਦਰਸ਼ਨਾਂ ਵਾਸਤੇ ਘਾਲਦੀ,
ਕਲ.ਗੀ ਵਾਲੇ ਨੂੰ ਨਿੱਤ ਸੰਮ ਹਾਲਦੀ।

ਨਿੱਕੀ ਰਿਵੀਏ ! ਸੰਦੇਸੜਾ ਲੈ ਜਈਂ
ਕਲ.ਗੀ ਵਾਲੇ ਦੇ ਚਰਨੀਂ ਅਪੜਾ ਦਈਂ,
ਸਹੀਏ ! ਖ਼ਬਰ ਦੇਈਂ ਮੇਰੇ ਹਾਲ ਦੀ,
ਕਲ.ਗੀ ਵਾਲੇ ਨੂੰ ਨਿੱਤ ਸੰਮ ਹਾਲਦੀ।

ਦਰਦਾਂ ਤੇਰੇ ਫ਼ਿਰਾਕਾਂ ਨੇ ਲਾਈਆਂ,
ਤੇਰੇ ਦਰਸ਼ਨ ਹੀ ਹੈਨ ਦਵਾਈਆਂ,
ਤਾਹੀਓਂ ਦਰਸ਼ਨਾਂ ਨੂੰ ਪਈ ਭਾਲਦੀ,
ਕਲ.ਗੀ ਵਾਲੇ ਨੂੰ ਨਿੱਤ ਸੰਮ ਹਾਲਦੀ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ



# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




## ਇੱਕ ਕੋਸ਼ਿਸ਼

### ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

### ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913
www.khalsaakhbaar.com
editor@khalsaakhbaar.com
@khalsaakhbaar